Postal No. - Jallandhar Vide No. L-4/PB/JL-0196/2024-2026
Regd No. 32212/78

# ਲੁਬਾਣਾ ਸੇਵਕ

ਮਈ 2025 ਕੁੱਲ ਪੰਨੇ : 44 ਮਾਸਿਕ ਮੁੱਲ : 25/-



ਅਦਾਰਾ 'ਲੁਬਾਣਾ ਸੇਵਕ' ਵੱਲੋਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਪੁਰਬ ਨੂੰ ਕੋਟਿਨ-ਕੋਟਿ ਪ੍ਰਨਾਮ !

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ ...

# ਗੁਰੂ ਸਾਹਿਬ ਦੀ ਅਦੁੱਤੀ ਸ਼ਹਾਦਤ



ਪੰਚਮ ਪਾਤਸ਼ਾਹ, ਸ਼ਹੀਦਾਂ ਦੇ ਸਿਰਤਾਜ ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਨੇ 30 ਮਈ ਸੰਨ 1606 ਈ. ਨੂੰ ਲਾਹੌਰ ਵਿਖੇ ਸ਼ਹੀਦੀ ਪ੍ਰਾਪਤ ਕਰਕੇ ਮਨੁੱਖੀ ਇਤਿਹਾਸ ਵਿਚ ਸੱਚ, ਨਿਆਂ, ਸਰਬਸਾਂਝੀਵਾਲਤਾ, ਮਨੁੱਖੀ ਏਕਤਾ ਅਤੇ ਮਨੁੱਖੀ ਹੱਕਾਂ ਲਈ ਕੁਰਬਾਨੀ ਦਾ ਨਵਾਂ ਇਤਿਹਾਸ ਸਿਰਜਿਆ। ਗੁਰੂ ਅਰਜਨ ਦੇਵ ਮਹਾਰਾਜ ਜੀ ਦਾ ਜਨਮ ਚੌਥੇ ਨਾਨਕ ਧੰਨ ਧੰਨ ਸਾਹਿਬ ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ ਦੇ ਗ੍ਰਹਿ ਵਿਖੇ ਬੀਬੀ ਭਾਨੀ ਜੀ ਦੀ ਕੁਖੋਂ ਗੋਇੰਦਵਾਲ ਸਾਹਿਬ ਵਿਖੇ 15 ਅਪ੍ਰੈਲ 1563 ਈਸਵੀ ਨੂੰ ਹੋਇਆ। ਆਪ ਜੀ ਨੇ ਛੋਟੀ ਉਮਰ ਵਿਚ ਹੀ ਆਪਣੇ ਨਾਨਾ ਜੀ ਤੀਜੇ ਨਾਨਕ ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਸੇਵਾ ਸਿਮਰਨ ਦੀ ਮੂਰਤ ਪਾਸੋਂ ਵਰ ਪ੍ਰਾਪਤ ਕੀਤਾ **'ਦੋਹਤਾਂ ਬਾਣੀ ਕਾ ਬੋਹਿਥਾ'**। ਆਪ ਜੀ ਪ੍ਰਤਿਭਾ, ਆਗਿਆਕਾਰਤਾ ਅਤੇ ਉੱਚੀ ਸੁਰਤਿ ਕਰਕੇ ਆਪ ਜੀ ਨੂੰ ਗੁਰਗੱਦੀ ਦੇ ਯੋਗ ਸਮਝਿਆ। 1 ਸਤੰਬਰ 1581 ਨੂੰ ਆਪ ਜੀ ਨੂੰ ਪੰਚਮ ਪਾਤਸ਼ਾਹ ਵਜੋਂ ਗੁਰਗੱਦੀ ਬਖਸ਼ੀ ਗਈ। ਪ੍ਰਿਥੀਚੰਦ (ਆਪ ਜੀ ਦੇ ਵੱਡੇ ਭਰਾ) ਦੀ ਸਖਤ ਵਿਰੋਧਤਾ ਨੂੰ ਆਪ ਜੀ ਨੇ ਸਹਿਣਸ਼ੀਲਤਾ ਨਾਲ ਝੱਲਿਆ ਅਤੇ ਉਸਾਰੂ ਕੰਮਾਂ ਵਿਚ ਰੁਝੇ ਰਹੇ ਅਤੇ ਛੇਤੀ ਹੀ ਸਾਰੀਆਂ ਸੰਗਤਾਂ ਦੇ ਹਰਮਨ ਪਿਆਰੇ ਹੋ ਗਏ। ਆਪ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਚਲਾਈ ਗਈ ਸਰਬ-ਸਾਂਝੀਵਾਲਤਾ, ਮਨੁੱਖੀ ਭਾਈਚਾਰੇ ਦੀ ਏਕਤਾ ਨੂੰ ਪ੍ਰਫੁਲਤ ਕੀਤਾ ਜਿਸ ਦੀ ਸ਼ੋਭਾ 24 ਨਵੰਬਰ 1598 ਈ. ਨੂੰ ਸ਼ਹਿਨਸਾਹ ਅਕਬਰ ਅੱਖੀਂ ਵੇਖਣ ਆਇਆ ਅਤੇ ਪੰਗਤ ਵਿਚ ਬੈਠ ਕੇ ਲੰਗਰ ਛਕਿਆ ਅਤੇ ਭੇਟਾ ਵਜੋਂ ਜਗੀਰ ਦਾ ਮਾਮਲਾ ਮੁਆਫ ਕਰ ਦਿੱਤਾ। ਆਪ ਜੀ ਮਨੁੱਖਤਾ ਦੀ ਸੇਵਾ ਹਿੱਤ ਸਰਬ ਸਾਂਝੇ ਅਸਥਾਨਾਂ ਦੀ ਨਿਰੰਤਰ ਸਥਾਪਨਾ ਕਰਦੇ ਰਹੇ। 1586 ਈ. ਵਿਚ ਸੰਤੋਖਸਰ, 1588 ਵਿਚ ਹਰਿਮੰਦਰ ਸਾਹਿਬ, 1590 ਈ. ਵਿਚ ਤਰਨਤਾਰਨ ਸਾਹਿਬ, 1593 ਈ. ਵਿਚ ਕਰਤਾਰਪੁਰ, 1595 ਈ. ਵਿਚ ਛੇਹਰਟਾ ਸਾਹਿਬ ਅਤੇ 1599 ਵਿਚ ਬਾਉਲੀ ਸਾਹਿਬ ਦੀ ਸਥਾਪਨਾ ਕੀਤ। ਵੈਰ ਵਿਰੋਧ ਵਿਚ ਵੰਡੇ ਸਮਾਜ ਨੂੰ ਪ੍ਰਭੂ ਪਿਆਰ ਵਿਚ ਵਿਚਰਨ ਲਈ ਵਿਸ਼ੇਸ਼ ਉਦਾਹਰਣ ਇਹ ਹੈ ਕਿ ਸ੍ਰੀ ਅੰਮ੍ਰਿਤਸਰ ਸਾਹਿਬ ਸਰੋਵਰ ਵਿਚ ਸਵਰਨ ਮੰਦਰ ਦੀ ਸਥਾਪਤੀ ਹੈ ਜਿਸ ਦੀ ਨੀਂਹ ਇਕ ਮੁਸਲਮਾਨ ਸੂਫੀ ਫਕੀਰ ਸਾਈਂ ਮੀਆਂ ਮੀਰ ਪਾਸੋਂ ਅਕਤੂਬਰ 1588 ਈ. ਨੂੰ ਰਖਵਾਈ। ਹਰਿਮੰਦਰ ਸਾਹਿਬ ਸਾਰੀ ਮਨੁੱਖਤਾ ਦਾ ਸਾਂਝਾ ਸਥਾਨ ਹੈ।

ਹਰਿਮੰਦਰ ਸਾਹਿਬ ਵਿਚ ਸਥਾਪਿਤ ਕੀਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਨਿਰਮਾਣ ਹੀ ਆਪ ਜੀ ਨੇ ਸਰਬ ਮਨੁੱਖਤਾ ਦੇ ਭਲੇ ਲਈ ਕੀਤਾ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜਿਸ ਗੁਰੂ ਗ੍ਰੰਥ ਸਾਹਿਬ ਨੂੰ 4 ਅਕਤੂਬਰ 1708 ਈ. ਨੂੰ ਗੁਰਿਆਈ ਬਖਸ਼ ਕੇ ਸੀਸ ਨਿਵਾਇਆ।

ਗੁਰੂ ਅਰਜਨ ਦੇਵ ਜੀ ਦੀ ਪਰਉਪਕਾਰੀ ਅਦੁੱਤੀ ਸ਼ਖਸੀਅਤ ਸਰਬ-ਸਾਂਝੀਵਾਲਤਾਂ, ਮਨੁੱਖੀ ਭਾਈਚਾਰੇ ਦੀ ਏਕਤਾ ਪਰਸਪਰ ਪਿਆਰ ਦੀ ਪ੍ਰਤੀਕ ਬਣ ਗਈ। ਜਿੱਥੇ ਆਪ ਜੀ ਨੇ ਪਾਣੀ ਦੀ ਥੁੜ ਦੇਖੀ, ਖੂਹ ਲਵਾ ਦਿੱਤੇ ਅਤੇ ਨਵੇਂ ਕਸਬੇ ਆਬਾਦ ਕੀਤੇ। ਜਦੋਂ ਲਾਹੌਰ ਵਿਚ ਬੀਮਾਰੀ ਦੀ ਵਜ੍ਹਾ ਨਾਲ ਲੋਕ ਬਹੁਤ ਦੁਖੀ ਹੋਏ ਤਾਂ ਗੁਰੂ ਜੀ ਲਾਹੌਰ ਪਹੁੰਚੇ ਅਤੇ ਆਪਣੇ ਹੱਥੀਂ ਮਰੀਜ਼ਾਂ ਦੀ ਸੇਵਾ ਕੀਤੀ। ਕਾਲ ਦੀ ਭਿਆਨਕਤਾ ਸੁਣ ਕੇ ਅਕਬਰ ਵੀ ਲਾਹੌਰ ਪਹੁੰਚਿਆ ਅਤੇ ਗੁਰੂ ਸਾਹਿਬ ਦੀ ਅਣਥੱਕ ਸੇਵਾ ਦੇਖ ਕੇ ਸੀਸ ਝੁਕਾਇਆ ਅਤੇ ਕਿਸਾਨਾਂ ਦਾ ਮਾਮਲਾ ਮੁਆਫ ਕਰ ਦਿੱਤਾ।

ਗੁਰੂ ਜੀ ਦੇ ਪਰਉਪਕਾਰੀ ਅਤੇ ਲੋਕ ਭਲਾਈ ਦੇ ਕਾਰਜਾਂ ਕਰਕੇ ਆਪ ਜੀ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਹਰਮਨ ਪਿਆਰੇ ਹੋ ਗਏ। ਸਿੱਖ ਲਹਿਰ ਇਕ ਲੋਕ ਲਹਿਰ ਦਾ ਰੂਪ ਧਾਰਨ ਕਰ ਗਈ। ਜਿਸ ਨੇ ਅਨੇਕਾਂ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਗੁਰੂ ਘਰ ਦੇ ਨਿਕਟ ਲੈ ਆਂਦਾ। ਗੁਰੂ ਘਰ ਦੀ ਸੇਵਾ, ਸਿਮਰਨ, ਪਰਉਪਕਾਰ ਦੀ ਇਹ ਲਹਿਰ ਕੱਟੜ ਸ਼ਰਈ ਮੁਸਲਮਾਨਾਂ ਅਤੇ ਮੁਲਾਣਿਆਂ ਨੂੰ ਚੁੱਭਦੀ ਸੀ। ਗੁਰੂ ਘਰ ਦੀ ਦਿਨੋ ਦਿਨ ਵੱਧ ਰਹੀ ਲੋਕਪ੍ਰਿਆ ਲਹਿਰ ਉਨ੍ਹਾਂ ਨੂੰ ਇਸਲਾਮ ਦੇ ਪ੍ਰਚਾਰ ਵਿਚ ਬਹੁਤ ਵੱਡੀ ਰੁਕਾਵਟ ਲੱਗਦੀ ਸੀ। ਇਸ ਲਈ ਉਨ੍ਹਾਂ ਨੇ ਗੁਰੂ ਘਰ ਵਿਰੁੱਧ ਜਹਾਂਗੀਰ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ। ਖੁਸਰੋ ਦੀ ਬਗਾਵਤ ਸਮੇਂ ਉਨ੍ਹਾਂ ਨੂੰ ਗੁਰੂ ਘਰ ਵਿਰੁੱਧ ਇਲਜਾਮ ਲਾਉਣ ਦਾ ਸੁਨਿਹਰੀ ਮੌਕਾ ਮਿਲ ਗਿਆ। ਗੁਰੂ ਜੀ ਤੇ ਝੂਠਾ ਇਲਜਾਮ ਲਗਾਇਆ ਕਿ ਉਨ੍ਹਾਂ ਨੇ ਬਗਾਵਤ ਸਮੇਂ ਖੁਸਰੋ ਦੀ ਮਾਇਕ ਸਹਾਇਤਾ ਕੀਤੀ ਅਤੇ ਮੱਥੇ ਤਿਲਕ ਲਗਾਇਆ। ਗੁਰੂ ਜੀ ਉਪਰ ਭਾਰੀ ਜ਼ੁਰਮਾਨਾ ਲਗਾਇਆ ਗਿਆ। ਗੁਰੂ ਜੀ ਹਾਲਾਤ ਨੂੰ ਚੰਗੀ ਤਰ੍ਹਾਂ ਸਮਝਦੇ ਸਨ। ਉਨ੍ਹਾਂ ਨੇ ਪ੍ਰਮੁੱਖ ਸਿੱਖਾਂ ਨੂੰ ਜਿਸ ਤਰ੍ਹਾਂ ਭਾਈ ਗੁਰਦਾਸ ਜੀ, ਬਾਬਾ ਬੁੱਢਾ ਜੀ ਅਤੇ ਹੋਰਨਾਂ ਨੂੰ ਬੁਲਾ ਕੇ ਗੁਰੂ ਗੱਦੀ ਦੀ ਜ਼ਿੰਮੇਵਾਰੀ 15 ਮਈ 1606 ਈ. ਨੂੰ ਗੁਰੂ ਹਰਿਗੋਬਿੰਦ ਸਾਹਿਬ ਨੂੰ ਸੌਂਪ ਦਿੱਤੀ ਅਤੇ ਆਪ ਸ਼ਹੀਦ ਹੋਣ ਲਈ ਤਿਆਰ ਹੋ ਗਏ। ਇਸ ਤਰ੍ਹਾਂ 1606 ਈ. ਵਿਚ ਜਹਾਂਗੀਰ ਦੇ ਹੁਕਮ ਨਾਲ ਲਾਹੌਰ ਕਿਲ੍ਹੇ ਵਿਚ ਤਸੀਹੇ ਦੇ ਕੇ ਗੁਰੂ ਜੀ ਨੂੰ ਸ਼ਹੀਦ ਕਰ ਦਿੱਤਾ।

ਆਓ ਗੁਰੂ ਸਾਹਿਬ ਜੀ ਦੇ ਦਰਸਾਏ ਹੋਏ ਮਾਰਗ 'ਤੇ ਚੱਲੀਏ ਅਤੇ ਸ਼ਹੀਦਾਂ ਦੇ ਸਿਰਤਾਜ ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

ਭਗਵਾਨ ਸਿੰਘ ਲੁਬਾਣਾ
ਪ੍ਰਧਾਨ
ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

# ਲੁਬਾਣਾ ਸੇਵਕ

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ
ਜ਼ਹੂਰਾ
1901-1963




**Chief Editor**
**Er. Bhagwan Singh Lubana**
Dy C.E. (Retd.)
E-mail:bslubana187@gmail.com
M.: 98155-40240

**Editor**
**S. Surinder Singh Ruby**
ETO (Retd.)
E-mail:ruby.surinder57@gmail.com
M.: 98141-28181


## Advisors

1. S. Baldev Singh Munder, Sr. Manager (Retd.)
2. Dr. Prof. Jaswant Singh Begowal
3. Parwinderpal Singh PCS (Retd.)
4. Er. Baljit Singh Bhagtana Dy. C.E. (Retd.)
5. S. Mohinder Singh, DSP (Retd.)
6. S. Surinder Singh Maqsoodpuri


**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਮੋ. 98155-40240
e-mail:lobanafoundation@gmail.com
Websitelink : bmslchd.org, lobanafoundation.org

FOR ONLINE DEPOSITS OF FUNDS BANK ACCOUNT
DETAIL IS AS UNDER:-
Bank Name :- State Bank of India
A/c No.-35383628122, IFSC Code:- SBIN0001443
Note - On depositing kindly intimate your name and address to the Foundation.
President - 98155-40240

| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


**ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ॥**
**ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ॥**

**ਜੇਠ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)**

**ਪੂਰਨਮਾਸ਼ੀ - 12-05-2025 (ਸੋਮਵਾਰ)**
**ਸੰਗਰਾਂਦ - 14-05-2025 (ਬੁੱਧਵਾਰ)**
**ਮੱਸਿਆ - 27-05-2025 (ਮੰਗਲਵਾਰ)**

## ਤਤਕਰਾ


ਜਿਲਦ ਨੰ. 41 | ਅੰਕ - 143 | ਮਈ - 2025



| | | |
|---|---|---|
| 1. | ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ | 4 |
| 2. | ਪੰਚਮ ਪਾਤਸ਼ਾਹ ਵੱਲੋਂ ਬਣਾਏ ਅਸਥਾਨ | 8 |
| 3. | ਪ੍ਰਕਾਸ਼ ਗੁਰਪੁਰਬ ਗੁਰੂ ਅਮਰਦਾਸ ਜੀ | 11 |
| 4. | ਡਿਠੇ ਸਭੇ ਥਾਵ ਨਹੀਂ ਤੁਧੁ ਜੇਹਿਆ॥................ | 13 |
| 5. | ਅਪ੍ਰੈਲ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ | 15 |
| 6. | ਦੇਸ਼ ਦੀ ਖੁਸ਼ਹਾਲੀ ਦਾ ਮਜ਼ਬੂਤ ਥੰਮ੍ਹ ਹਨ ਕਿਸਾਨ ਅਤੇ ਮਜ਼ਦੂਰ | 17 |
| 7. | ਅਫ਼ਸਰੀ ਅਦਾਲਤਾਂ 'ਚ ਇਨਸਾਫ਼ ਦੀ ਉਡੀਕ, ਕਿਉਂ ਵਰ੍ਹਿਆਂ ਤੀਕ? | 18 |
| 8. | ਅੰਤਰਰਾਸ਼ਟਰੀ ਮਜ਼ਦੂਰ ਦਿਵਸ 'ਤੇ ਵਿਸ਼ੇਸ਼ | 20 |
| 9. | ਜੀਵਨ ਵਿਕਾਸ – ਇਕ ਸੰਘਰਸ਼ | 23 |
| 10. | ਜ਼ਰੂਰੀ ਹੈ ਮਾਪਿਆਂ ਦਾ ਬੱਚਿਆਂ ਨਾਲ ਵਕਤ ਬਿਤਾਉਣਾ | 24 |
| 11. | ਛੋਟੇ ਘੱਲੂਘਾਰਾ ਦੇ ਸ਼ਹੀਦਾਂ ਨੂੰ ਪ੍ਰਣਾਮ ਕਰਦਿਆਂ..... | 25 |
| 12. | ਸਾਈਬਰ ਅਪਰਾਧੀਆਂ ਦਾ ਫੈਲਦਾ ਜਾਲ | 26 |
| 13. | ਸ਼ਹੀਦਾਨਿ–ਵਫ਼ਾ ਅਤੇ ਗੰਜਿ–ਸ਼ਹੀਦਾਂ | 28 |
| 14. | ਗੁਰ ਸਾਗਰ ਦੇ ਸੁੱਚੇ ਮੋਤੀ | 30 |
| 15. | ਪੁਰਾਤਨ ਪਿੰਡ ਦੀ ਕਰਿਆਣੇ ਦੀ ਹੱਟੀ ਜਿਥੋਂ 'ਰੂੰਗਾ' ਮਿਲਦਾ ਹੁੰਦਾ ਸੀ | 31 |
| 16. | ਨਾਟਕ ਹੀ ਨਾਟਕ | 32 |
| 17. | ਸਿਹਤ ਸੰਭਾਲ | 33 |
| 18. | ਕਾਵਿ–ਕਿਆਰੀ | 35 |
| 19. | Labour Day | 37 |
| 20. | Obituary | 38 |
| 21. | Matrimonial | 39 |
| 22. | ਦਾਨੀ ਸੱਜਣਾਂ ਦੀ ਸੂਚੀ | 40 |



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਉਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by**
**Bhagwan Singh Lubana for Baba Makhan Shah Lobana Foundation (Regd.)**
**Sector 30-A, Chandigarh.**

**Computer Designing - Walia Enterprises, M.: 98153-78692**

# ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ



ਸ਼ਾਂਤੀ ਦੇ ਪੁੰਜ ਪੰਜਵੇਂ ਨਾਨਕ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਚਨਹਾਰ, ਜਿਤਨੀ ਮਹਾਨ ਹਸਤੀ ਆਪ ਸਨ, ਉਤਨਾ ਹੀ ਵੱਡਾ ਪਰਿਵਰਤਨ ਉਨ੍ਹਾਂ ਦੀ ਸ਼ਹਾਦਤ ਦਾ ਭਾਰਤ ਦੇਸ਼ ਦੇ ਇਤਿਹਾਸ ਤੇ ਹੋਇਆ।

ਸੰਸਾਰ ਦਾ ਪ੍ਰਸਿੱਧ ਮੁਗਲ ਸਮਰਾਟ ਅਕਬਰ ਜੋ ਸਰਬ ਧਰਮ ਸਾਂਝੀ ਨੀਤੀ ਤੇ ਚਲਦਾ ਸੀ। ਅਕਬਰ ਦੀ ਸਰਬ-ਧਰਮ ਸਾਂਝੀ ਪਾਲੀਸੀ ਦੀ ਨੀਤੀ ਨੂੰ ਕੁੱਝ ਸਵਾਰਥੀ ਮੁਸਲਮ ਆਗੂਆਂ ਨੇ ਪਸੰਦ ਨਹੀਂ ਕੀਤਾ ਸੀ। ਉਹ ਲੁਕ ਛਿਪ ਕੇ ਅਕਬਰ ਦੀ ਹਕੂਮਤ ਦਾ ਤਖ਼ਤਾ ਉਲਟਾਉਣ ਦੀ ਕੋਸ਼ਿਸ਼ ਕਰਦੇ ਰਹੇ। ਉਨ੍ਹਾਂ ਨੇ ਅਕਬਰ ਦੇ ਇਕੋ ਇਕ ਪੁੱਤਰ ਸਲੀਮ ਨੂੰ ਆਪਣੇ ਜਾਲ ਵਿਚ ਫਸਾ ਕੇ ਅਕਬਰ ਦੇ ਬਰਖਿਲਾਫ ਫੌਜੀ ਬਗਾਵਤ ਕਰਵਾਈ। ਪਰ ਉਸ ਨੂੰ ਸਫਲਤਾ ਨਾ ਹੋਈ। ਅਕਬਰ ਆਪਣੇ ਪੁੱਤਰ ਤੋਂ ਨਾਰਾਜ਼ ਸੀ। ਇਸ ਲਈ ਆਪਣੇ ਪੋਤਰੇ ਭਾਵ ਜਹਾਂਗੀਰ ਦੇ ਪੁਤਰ ਸ਼ਹਿਜ਼ਾਦਾ ਖੁਸਰੋ ਨੂੰ ਆਪਣਾ ਜਾਨਸ਼ੀਨ ਬਣਾਉਣਾ ਚਾਹੁੰਦਾ ਸੀ। ਸਲੀਮ ਨੇ ਆਪਣੇ ਪਿਤਾ ਅਕਬਰ ਨੂੰ ਸ਼ਾਹੀ ਹਕੀਮ ਰਾਹੀਂ ਜ਼ਹਿਰ ਦਿੱਤੀ ਅਤੇ ਅਕਬਰ ਦੇ ਮਨਪਸੰਦ ਵਿਦਵਾਨ ਅਬੁਲ ਫ਼ਜ਼ਲ ਨੂੰ ਜੋ ਕਿ ਦੀਨ ਅਲਾਹੀ ਨਵੇਂ ਸਿਰਜੇ ਸਰਵਸਾਂ ਤੇ ਧਰਮ ਦਾ ਥੰਮ੍ਹ ਸੀ, ਨੂੰ ਦੱਖਣ ਤੋਂ ਆਗਰੇ ਆਉਂਦੇ ਹੋਏ ਰਸਤੇ ਵਿਚ ਕਤਲ ਕਰਵਾ ਦਿੱਤਾ।




**ਭਗਵਾਨ ਸਿੰਘ ਲੁਬਾਣਾ**
**ਪ੍ਰਧਾਨ ਬਮਸਲ ਫਾਊਂਡੇਸ਼ਨ**
**ਚੰਡੀਗੜ੍ਹ**
**98155-40240**


ਭਾਰਤ ਇਕ ਵੱਡਾ ਦੇਸ਼ ਹੈ ਜਿਸ ਵਿਚ ਭਿੰਨ-ਭਿੰਨ ਪ੍ਰਕਾਰ ਦੇ ਨਸਲੀ ਫਰਕ ਰੱਖਣ ਵਾਲੇ ਲੋਕ ਵਸਦੇ ਹਨ ਇਨ੍ਹਾਂ ਦੀ ਸਭਿਅਤਾ, ਬੋਲੀ, ਧਰਮ ਇਤਿਹਾਸ ਵੱਖਰੇ ਹਨ। ਇਸ ਦੇਸ਼ ਵਿਚ ਕਿਸੇ ਇਕ ਧਰਮ ਦਾ ਰਾਜ ਸਾਰੀ ਵਸੋਂ ਉੱਤੇ ਲਾਗੂ ਕਰਨਾ ਸੰਭਵ ਨਹੀਂ ਹੋ ਸਕਦਾ। ਜਦ ਵੀ ਕਿਸੇ ਸਮਰਾਟ ਨੇ ਭਾਵੇਂ ਉਹ ਕਿੱਡਾ ਵੀ ਤਾਕਤਵਰ ਹੋਇਆ, ਇਹ ਕੋਸ਼ਿਸ ਕੀਤੀ ਤਾਂ ਦੇਸ਼ ਵਿਚ ਖੂਨ ਖਰਾਬੇ ਹੋਏ ਅਤੇ ਬਰਬਾਦੀ ਹੋਈ। ਅਸੂਲੀ ਤੌਰ 'ਤੇ ਇਹ ਮੰਨੀ ਹੋਈ ਗੱਲ ਹੈ ਕਿ ਇਸ ਦੇਸ਼ ਵਿਚ ਅਜਿਹਾ ਵਾਤਾਵਰਣ ਹੋਣਾ ਜ਼ਰੂਰੀ ਹੈ। ਜਿਸ ਵਿਚ ਕਿ ਵੱਖੋ-ਵੱਖ ਨਸਲ, ਰੰਗ, ਸਭਿਅਤਾ ਅਤੇ ਧਰਮ ਨਾਲ ਸੰਬੰਧ ਰੱਖਣ ਵਾਲੇ ਲੋਕ ਆਪਸ ਵਿਚ ਇਕ-ਦੂਜੇ ਦੇ ਜਜ਼ਬਾਤ ਦਾ ਸਤਿਕਾਰ ਕਰਦੇ ਹੋਏ ਮਿਲ ਕੇ ਰਹਿ ਸਕਣ। ਆਦਿ ਤੋਂ ਹੀ ਰਾਜ ਪੱਧਰ 'ਤੇ ਸਰਕਾਰਾਂ ਅਤੇ ਹੁਕਮਰਾਨਾਂ ਨੂੰ ਇਹੀ ਕੌਮੀ ਏਕਤਾ ਦੀ ਨੀਤੀ ਅਪਨਾਉਣੀ ਚਾਹੀਦੀ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਲੰਮੇ ਸਮੇਂ ਵਿਚ ਇਸ ਨਿਰੰਕਾਰੀ ਜੋਤ ਨੇ ਪੰਜ ਜਾਮਿਆਂ ਵਿਚ ਆ ਕੇ ਸਿੱਖ ਧਰਮ ਦੇ ਮਹਾਨ ਅਸੂਲਾਂ ਦਾ ਪ੍ਰਚਾਰ ਕੀਤਾ ਅਤੇ ਹਿੰਦੂ ਤੇ ਮੁਸਲਮਾਨ ਭਾਰੀ ਗਿਣਤੀ ਵਿਚ ਗੁਰੂ ਸਾਹਿਬਾਨ ਦੇ ਸ਼ਰਧਾਲੂ ਹੋ ਗਏ, ਜਿਵੇਂ ਕਿ ਲਾਹੌਰ ਦੇ ਮਹਾਨ ਮੁਸਲਮਾਨ ਸੂਫੀ ਦਰਵੇਸ਼ ਹਜ਼ਰਤ ਮੀਆਂ ਮੀਰ ਆਦਿ ਜਿਨ੍ਹਾਂ ਤੋਂ ਪੰਜਵੇਂ ਪਾਤਸ਼ਾਹ ਨੇ ਦਰਬਾਰ ਸਾਹਿਬ ਅੰਮ੍ਰਿਤਸਰ ਦਾ ਨੀਂਹ ਪੱਥਰ ਰਖਵਾਇਆ ਸੀ, ਗੁਰੂ ਸਾਹਿਬ ਦੇ ਹਜ਼ੂਰ ਵਿਚ ਭਾਈ ਮਰਦਾਨਾ ਸੱਤਾ ਅਤੇ ਬਲਵੰਡ ਮੁਸਲਮਾਨ ਰਾਗੀ ਅਲਾਹੀ ਬਾਣੀ ਦਾ ਕੀਰਤਨ ਕਰਦੇ ਰਹੇ, ਅਨੇਕਾਂ ਹੋਰ ਮਿਸਾਲਾਂ ਵੀ ਦਿੱਤੀਆਂ ਜਾ ਸਕਦੀਆਂ ਹਨ।

ਫਿਰਕੂ ਨੀਤੀ ਰੱਖਣ ਵਾਲੇ ਮੁਸਲਮਾਨ ਜੋ ਅਕਬਰ ਦੇ ਰਾਜ ਦਾ ਪਲਟਾ ਕਰਨ ਦੀ ਸਾਜ਼ਸ਼ ਕਰਦੇ ਸਨ, ਉਨ੍ਹਾਂ ਨੂੰ ਗੁਰੂ ਸਾਹਿਬਾਨ ਦੀ ਇਹ ਪਾਲਿਸੀ ਨਹੀਂ ਭਾਉਂਦੀ ਸੀ, ਉਹ ਤਾਂ ਹਿੰਦੂਆਂ ਨੂੰ ਮੁਸਲਮਾਨ ਬਣਾਉਣਾ ਚਾਹੁੰਦੇ ਸਨ ਪਰ ਉਨ੍ਹਾਂ ਦੇ ਆਸ਼ੇ ਤੋਂ ਉਲਟ ਗੁਰੂ ਸਾਹਿਬ ਦੇ ਅਸਰ ਹੇਠ ਮੁਸਲਮਾਨ ਹੀ ਭਾਰੀ ਗਿਣਤੀ ਵਿਚ ਇਸਲਾਮ ਦੇ ਪੈਰੋਕਾਰ ਰਹਿੰਦੇ ਹੋਏ ਵੀ ਗੁਰੂ ਸਾਹਿਬ ਤੇ ਸ਼ਰਧਾ ਰੱਖਦੇ ਸਨ ਅਤੇ ਦੂਜੇ ਧਰਮਾਂ ਦਾ ਸਤਿਕਾਰ ਕਰਦੇ ਸਨ।

ਸੋਲ੍ਹਵੀਂ ਸਦੀ ਵਿਚ ਭਾਰਤ ਵਿਚ ਗ਼ੈਰ ਮੁਸਲਮਾਨਾਂ ਦੀ ਜੇ ਕੋਈ ਚੰਗੇ ਪ੍ਰਬੰਧ ਵਾਲੀ ਧਾਰਮਿਕ ਸੰਸਥਾ ਸੀ ਤਾਂ ਉਹ ਕੇਵਲ ਸਿੱਖ ਗੁਰੂ-ਗੱਦੀ ਹੀ ਸੀ ਜਿੱਥੋਂ ਕਿ ਸਾਰੀ ਮਨੁੱਖ ਜਾਤੀ ਨੂੰ ਮਾਨਸਕ ਸ਼ਾਂਤੀ ਪ੍ਰਾਪਤ ਹੁੰਦੀ ਸੀ ਅਤੇ ਜੀਵਨ ਪ੍ਰਕਾਸ਼ ਮਿਲਦਾ ਸੀ। ਭਾਰਤ ਦੇਸ਼ ਵਿਚ ਉਸ ਵੇਲੇ ੨੨ ਪ੍ਰਾਂਤ ਸਨ ਅਤੇ ਇਨ੍ਹਾਂ ਸਾਰੇ ਪ੍ਰਾਂਤਾਂ ਵਿਚ ਸਿੱਖ ਗੁਰੂ ਸਾਹਿਬਾਨ ਨੇ ਸਿੱਖ ਧਰਮ ਦੇ ਪ੍ਰਚਾਰ ਲਈ ੨੨ ਕੇਂਦਰ ਖੋਲ੍ਹੇ ਹੋਏ ਸਨ। ਗੁਰੂ ਗੱਦੀ ਨੂੰ ਸਿੱਖ ਸੇਵਕਾਂ ਵੱਲੋਂ

ਇਨ੍ਹਾਂ ਪ੍ਰਾਂਤਕ ਧਾਰਮਿਕ ਅਧਿਕਾਰੀਆਂ ਵੱਲੋਂ ਜਿਸ ਨੂੰ ਮਸੰਦ ਕਿਹਾ ਜਾਂਦਾ ਸੀ ਲਗਾਤਾਰ ਦਸਵੰਧ ਵਜੋਂ ਪੇਸ਼ ਕੀਤੀ ਰਕਮ ਆਉਂਦੀ ਸੀ। ਸਿੱਖ ਧਰਮ ਵਿਚ ਚੰਗੇ ਧਰਮ ਵਾਲੀਆਂ ਸਾਰੀਆਂ ਚੰਗਿਆਈਆਂ ਹਨ। ਇਹ ਇਕ ਵਾਹਿਗੁਰੂ ਨੂੰ ਮੰਨਦੇ ਸਨ ਅਤੇ ਹਿੰਦੂਆਂ ਵਾਲੀਆਂ ਨੀਤੀਆਂ ਤੇ ਨਹੀਂ ਚਲਦੇ। ਇਸ ਦੇ ਗੁਰੂ ਸਾਹਿਬਾਨ ਆਪਣੇ ਆਪ ਨੂੰ ਨਿਰੰਕਾਰ ਦੀ ਜੋਤ ਮੰਨਦੇ ਹੋਏ ਆਪਣੇ ਆਪ ਨੂੰ ਨਾਨਕ ਦਾ ਸਰੂਪ ਹੀ ਮੰਨਦੇ ਸਨ।

ਬਾਦਸ਼ਾਹ ਅਕਬਰ ਸਿੱਖ ਗੁਰੂ ਸਾਹਿਬ ਦਾ ਸ਼ਰਧਾਲੂ ਸੀ। ਉਹ ਸ੍ਰੀ ਗੁਰੂ ਅਮਰ ਦਾਸ ਜੀ ਦੀ ਸੇਵਾ ਵਿਚ ਦਰਸ਼ਨਾਂ ਲਈ ਹਾਜ਼ਰ ਹੋਇਆ ਅਤੇ ਗੁਰੂ ਆਸ਼ੇ ਅਨੁਸਾਰ ਪੰਗਤ ਵਿਚ ਬੈਠ ਕੇ, ਇਸ ਨੇ ਛੋਟੇ-ਵੱਡੇ ਦਾ ਵਿਤਕਰਾ ਛਡਦੇ ਹੋਏ, ਗੁਰੂ ਲੰਗਰ ਛਕਿਆ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਖਿਲਾਫ ਉਨ੍ਹਾਂ ਦੇ ਵੱਡੇ ਭਰਾ ਪ੍ਰਿਥੀ ਚੰਦ ਨੇ ਈਰਖਾ ਵਜੋਂ ਤੂਫਾਨ ਖੜ੍ਹਾ ਕੀਤਾ ਹੋਇਆ ਸੀ, ਹਰ ਪੱਖ ਤੋਂ ਉਹ ਗੁਰੂ ਸਾਹਿਬ ਨੂੰ ਤੰਗ ਕਰਦਾ ਸੀ। ਸ੍ਰੀ ਗੁਰੂ ਰਾਮਦਾਸ ਜੀ ਦੇ ਵੇਲੇ ਤੋਂ ਹੀ ਉਸਦੀ ਕੁਟਲ ਨੀਤੀ ਪ੍ਰਗਟ ਹੋ ਚੁੱਕੀ ਸੀ। ਉਸਨੇ ਗੁਰੂ ਪੰਜਵੇਂ ਪਾਤਸ਼ਾਹ ਦੇ ਖਿਲਾਫ ਰਾਜ ਦਰਬਾਰ ਵਿਚ ਅਨੇਕਾਂ ਪ੍ਰਕਾਰ ਦੀਆਂ ਸ਼ਿਕਾਇਤਾਂ ਕੀਤੀਆਂ। ਅਕਬਰ ਨੇ ਇਨ੍ਹਾਂ ਸ਼ਿਕਾਇਤਾਂ ਦੀ ਜਾਂਚ ਪੜਤਾਲ ਨਿੱਜੀ ਤੌਰ 'ਤੇ ਕੀਤੀ। ਸ੍ਰੀ ਗੁਰੂ ਅਰਜਨ ਦੇਵ ਜੀ ਨਾਲ ਮੁਲਾਕਾਤ ਉਪਰੰਤ ਇਨ੍ਹਾਂ ਸਾਰੀਆਂ ਸ਼ਿਕਾਇਤਾਂ ਨੂੰ ਉਸ ਨੇ ਝੂਠੀਆਂ ਕਰਾਰ ਦਿੱਤਾ ਅਤੇ ਜਦ ਪੰਜਾਬ ਵਿਚ ਕਾਲ ਪਿਆ ਹੋਇਆ ਸੀ, ਗੁਰੂ ਸਾਹਿਬ ਦੀ ਸਿਫਾਰਸ਼ ਤੇ ਕਾਲ ਸਮੇਂ ਵਿਚ ਕਿਰਸਾਨਾਂ ਦਾ ਮੁਆਮਲਾ ਮੁਆਫ ਕੀਤਾ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਈ ਬਾਣੀ ਤੋਂ ਕਈ ਵਾਰ ਸੰਕੇਤ ਮਿਲਦਾ ਹੈ, ਕਿ ਉਨ੍ਹਾਂ ਦੇ ਖਿਲਾਫ ਨਿੰਦਕਾਂ ਨੇ ਰਾਜ ਦਰਬਾਰ ਵਿਚ ਸ਼ਿਕਾਇਤਾਂ ਕੀਤੀਆਂ, ਜੋ ਵਾਹਿਗੁਰੂ ਦੀ ਕਿਰਪਾ ਦੇ ਨਾਲ ਝੂਠੀਆਂ ਸਾਬਤ ਹੋਈਆਂ। ਸੁਲਹੀ ਖਾਨ ਪੱਟੀ ਦੇ ਹਾਕਮ ਨੂੰ ਨਿੰਦਕਾਂ ਨੇ ਸ਼ਿਕਾਇਤ ਕਰਕੇ ਗੁਰੂ ਸਾਹਿਬ ਨੂੰ ਤੰਗ ਕਰਨ ਲਈ ਪ੍ਰੇਰਿਆ ਪਰ ਵਾਹਿਗੁਰੂ ਦੀ ਕਿਰਪਾ ਨਾਲ ਸੁਲਹੀ ਖਾਨ ਆਪ ਹੀ ਅੱਗ ਵਿਚ ਜਲ ਕੇ ਮਰ ਗਿਆ। ਪੰਜਵੇਂ ਪਾਤਸ਼ਾਹ ਇਸ ਨੂੰ ਵਾਹਿਗੁਰੂ ਦੀ ਕਿਰਪਾ ਮਨਦੇ ਹਨ 'ਸੁਲਹੀ ਤੇ ਨਾਰਾਇਣ ਰਾਖੁ॥ ... ਸੁਲਹੀ ਹੋਇ ਮੂਆ ਨਾਪਾਕੁ' ਪੰਜਵੇਂ ਪਾਤਸ਼ਾਹ ਦੇ ਇਕਲੌਤੇ ਪੁੱਤਰ ਬਾਲਕ ਹਰਗੋਬਿੰਦ ਨੂੰ ਪ੍ਰਿਥੀ ਚੰਦ ਵੱਲੋਂ ਮਾਰਨ ਵਾਸਤੇ ਜ਼ਹਿਰ ਦਿੱਤੀ ਗਈ, ਵਾਹਿਗੁਰੂ ਨੇ ਆਪ ਹੱਥ ਦੇ ਕੇ ਬਾਲਕ ਹਰਗੋਬਿੰਦ ਨੂੰ ਜੀਉਂਦਾ ਰੱਖਿਆ। ਇਨ੍ਹਾਂ ਇਤਿਹਾਸਕ ਘਟਨਾਵਾਂ ਤੋਂ ਇਹ ਭਲੀ ਪ੍ਰਕਾਰ ਸਿੱਧ ਹੁੰਦਾ ਹੈ ਕਿ ਨਿੰਦਕਾਂ ਦੀ ਇਸ ਟੋਲੀ ਨੇ, ਜਿੱਥੇ ਵੀ ਇਨ੍ਹਾਂ ਦਾ ਹੱਥ ਪਿਆ ਗੁਰੂ ਸਾਹਿਬ ਦੇ ਖਿਲਾਫ ਸਾਜ਼ਿਸ਼ ਕੀਤੀ ਅਤੇ ਸ਼ਿਕਾਇਤਾਂ ਕੀਤੀਆਂ। ਹੋ ਸਕਦਾ ਹੈ ਕਿ ਅਕਬਰ ਜੋ ਆਪ ਸੁਲਾਖੁਲ੍ਹ ਬਾਦਸ਼ਾਹ ਸੀ ਅਤੇ ਸਰਵ ਧਰਮ ਸਾਂਝੇ ਸਿੱਖ ਧਰਮ ਦੇ ਬਾਨੀ ਗੁਰੂ ਸਾਹਿਬਾਨ ਦਾ ਸਤਿਕਾਰ ਕਰਦਾ ਸੀ, ਕੋਲ ਨਿੰਦਕਾਂ ਦੀ ਜਦ ਦਾਲ ਨਾ ਗਲੀ ਤਾਂ ਅਕਬਰ ਦੇ ਖਿਲਾਫ ਫਿਰਕੂ ਮੁਸਲਮਾਨ ਆਗੂਆਂ ਦਾ ਟੋਲਾ ਜਿਸ ਵਿਚ ਕਿ ਜਹਾਂਗੀਰ ਵੀ ਸ਼ਾਮਿਲ ਸੀ, ਨੂੰ ਇਹ ਲੋਕ ਗੁਰੂ ਸਾਹਿਬ ਦੇ ਖਿਲਾਫ ਭੜਕਾਉਂਦੇ ਰਹੇ ਹੋਣ। ਜਹਾਂਗੀਰ ਆਪਣੀ ਜੀਵਨੀ ਲਿਖਤ "ਤੁਜ਼ਕੇ ਜਹਾਂਗੀਰੀ" ਦੇ ਪੰਨਾ ੩੫ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਬਾਰੇ ਲਿਖਦਾ ਹੋਇਆ ਦਸਦਾ ਹੈ ਕਿ ਇਸ ਸਮੇਂ ਤੋਂ ਪਹਿਲਾਂ ਹੀ ਉਸ ਨੇ ਗੁਰੂ ਸਾਹਿਬ ਦੀ ਕੁਫਰ ਦੀ ਦੁਕਾਨ ਬੰਦ ਕਰਾ ਕੇ ਇਸਲਾਮ ਦੇ ਦਾਇਰੇ ਵਿਚ ਲਿਆਉਣ ਦਾ, ਜਾਂ ਉਸਨੂੰ ਖਤਮ ਕਰਨ ਦਾ ਮਨ ਬਣਾਇਆ ਹੋਇਆ ਸੀ। ਅਜਿਹੀ ਭੈੜੀ ਨੀਤੀ ਅਪਣਾਉਣ ਤੋਂ ਪਹਿਲਾਂ ਉਸ ਨੂੰ ਕਿਸੇ ਨਾ ਕਿਸੇ ਪਾਸੋਂ ਗੁਰੂ ਸਾਹਿਬ ਦੇ ਖਿਲਾਫ ਸਾਜ਼ਸ਼ੀ ਲੋਕਾਂ ਨੇ ਜ਼ਰੂਰ ਨਿੰਦਿਆ ਕੀਤੀ ਹੋਣੀ ਹੈ।

ਬਾਦਸ਼ਾਹ ਅਕਬਰ ਦੀ ਮੌਤ ੧੭ ਅਕਤੂਬਰ ੧੬੦੫ ਈਸਵੀ ਨੂੰ ਹੋਈ। ਇਸ ਤੋਂ ਕੁਝ ਦਿਨ ਪਹਿਲਾਂ ਆਪਣਾ ਅੰਤ ਨੇੜੇ ਦੇਖ ਕੇ ਬਿਮਾਰੀ ਦੇ ਬਿਸਤਰ ਤੇ ਪਏ ਅਕਬਰ ਨੇ ਸਲੀਮ ਨੂੰ ਅਜਮੇਰ ਦਾ ਗਵਰਨਰ ਬਣਾ ਕੇ ਭੇਜਣ ਦਾ ਆਦੇਸ਼ ਦੇ ਦਿੱਤਾ। ਸ਼ੇਖ ਫਰੀਦ ਬੁਖਾਰੀ ਦੇ ਕਹਿਣ ਤੇ ਸਲੀਮ ਨੇ ਆਪਣੇ ਸਿਪਾਹੀ ਤੇ ਸਮਾਨ ਤਾਂ ਅਜਮੇਰ ਨੂੰ ਭੇਜ ਦਿੱਤਾ, ਪਰ ਆਪ ਉਹ ਆਗਰੇ ਵਿਚ ਹੀ ਰਿਹਾ। ਅਕਬਰ ਦੀ ਮੌਤ ਦੇ ਸਮੇਂ ਉਸ ਦੇ ਕੋਲ ਰਾਜਾ ਮਾਨ ਸਿੰਘ ਅਤੇ ਅਬਦੁਲ ਅਜੀਜ ਕੋਕਾ, ਖੁਸਰੋ ਦਾ ਸਹੁਰਾ ਮੌਜੂਦ ਸਨ। ਉਹ ਬਾਦਸ਼ਾਹ ਦੀ ਮੌਤ ਤੋਂ ਮਗਰੋਂ ਖੁਸਰੋ ਨੂੰ ਤਖ਼ਤ ਤੇ ਬਿਠਾਉਣ ਲਈ ਤਿਆਰੀ ਕਰੀ ਬੈਠੇ ਸਨ, ਪਰ ਸ਼ੇਖ ਫਰੀਦ ਬੁਖਾਰੀ ਜੋ ਅਕਬਰ ਦਾ ਜਰਨੈਲ ਸੀ ਅਤੇ ਅਕਬਰ ਦਾ ਅੰਗ ਰੱਖਸ਼ਕ ਹੋਣ ਦੇ ਨਾਤੇ ਭਾਰੀ ਗਿਣਤੀ ਵਿਚ ਫੌਜੀਆਂ ਨਾਲ ਕਿਲ੍ਹੇ ਤੇ ਮਜ਼ਬੂਤੀ ਨਾਲ ਕਾਬਜ਼ ਸੀ, ਨੇ ਉਨ੍ਹਾਂ ਦੀ ਸਕੀਮ ਤੇ ਪਾਣੀ ਫੇਰ ਦਿੱਤਾ। ਠੀਕ ਸਮੇਂ ਤੇ ਉਹ ਖੁਫੀਆ ਤਰੀਕੇ ਨਾਲ ਲਾਲ ਕਿਲ੍ਹੇ ਦੇ ਖਿਜਰੀ ਦਰਵਾਜ਼ੇ ਤੋਂ ਲੰਘਦਾ ਹੋਇਆ ਸਲੀਮ ਦੇ ਘਰ ਗਿਆ ਅਤੇ ਉਸ ਨੂੰ ਗੱਦੀ ਤੇ ਬਿਠਾਉਣ ਦਾ ਇੰਤਜਾਮ ਮੁਕੰਮਲ ਦੱਸਦੇ ਹੋਏ ਮੁਬਾਰਕਬਾਦ ਦਿੱਤੀ। ਸਲੀਮ ਉਸ ਦੇ ਨਾਲ ਕਿਲ੍ਹੇ ਵਿਚ ਆਇਆ ਅਤੇ ਮੁਗਲ ਹਕੂਮਤ ਦੀ ਵਾਗਡੋਰ ਸੰਭਾਲ ਲੀਤੀ। ਰਾਜਾ ਮਾਨ ਸਿੰਘ ਅਤੇ ਅਬਦੁਲ ਅਜੀਜ਼ ਕੋਕੇ ਦੀਆਂ ਸਕੀਮਾਂ ਧਰੀਆਂ ਹੀ ਰਹਿ ਗਈਆਂ।

ਸਲੀਮ ਦਾ ਪੁੱਤਰ ਖੁਸਰੋ ਜੋ ਗੱਦੀ ਪ੍ਰਾਪਤ ਕਰਨ ਤੋਂ ਅਸਮਰਥ ਰਿਹਾ ਸੀ, ਬਦਲੇ ਹੋਏ ਵਾਤਾਵਰਨ ਵਿਚ ਰਹਿਣਾ ਪਸੰਦ ਨਹੀਂ ਕਰਦਾ ਸੀ। ਉਸਦੇ ਬਾਪ ਜਹਾਂਗੀਰ ਬਾਦਸ਼ਾਹ ਨੇ ਉਸ ਨੂੰ ਇਕ ਲੱਖ ਰੁਪਏ ਦੀ ਜਾਗੀਰ ਵੀ ਲਾ ਦਿੱਤੀ ਸੀ ਅਤੇ ਆਗਰੇ ਦੇ ਕਿਲ੍ਹੇ ਵਿਚ ਸੋਹਣਾ ਮਹਿਲ ਵੀ ਦੇ ਦਿੱਤਾ ਸੀ ਪਰ ਉਹ ਸੰਤੁਸ਼ਟ ਨਹੀਂ ਸੀ। ਡਾ. ਗੰਡਾ ਸਿੰਘ ਕਰਤਾ ਕਿਤਾਬ 'ਸ੍ਰੀ ਗੁਰੂ ਅਰਜਨ ਦੀ ਸ਼ਹਾਦਤ' ਦੇ ਪੰਨਾ ੧੯ ਉੱਤੇ ਲਿਖਦਾ ਹੈ ਕਿ ਆਗਰੇ ਦੇ ਕਿਲ੍ਹੇ ਵਿਚ ਖੁਸਰੋ ਆਪਣੇ ਆਪ ਨੂੰ ਕੈਦੀ ਸਮਝਦਾ ਸੀ। ਉਹ ਆਪਣੀ ਕਿਸਮਤ ਅਜਮਾਉਣ ਲਈ ੬ ਅਪ੍ਰੈਲ, ੧੬੦੬ ਈਸਵੀ ਨੂੰ ਕਿਲ੍ਹੇ ਵਿਚੋਂ ਬਚ ਕੇ ਨਿਕਲ ਗਿਆ ਅਤੇ ਜਹਾਂਗੀਰ ਦੇ ਖਿਲਾਫ ਬਗਾਵਤ ਕਰਨ ਲਈ ਪੰਜਾਬ ਵਿਚੋਂ ਸਹਾਇਤਾ ਪ੍ਰਾਪਤ ਕਰਨ ਦੀ ਆਸ ਵਿਚ ਇਸ ਪਾਸੇ ਭੱਜ ਤੁਰਿਆ। ਜਹਾਂਗੀਰ ਬਾਦਸ਼ਾਹ ਨੇ ਖੁਸਰੋ ਨੂੰ ਫੜਨ ਲਈ ਉੱਪਰ ਦੱਸੇ ਸ਼ੇਖ ਫਰੀਦ ਬੁਖਾਰੀ ਦੀ ਡਿਊਟੀ ਲਾਈ। ਉਹ ਵੀ ਖੁਸਰੋ ਦੇ ਪਿੱਛੇ ਭੱਜ ਨਿਕਲਿਆ। ਬਾਦਸ਼ਾਹ ਜਹਾਂਗੀਰ ਨੂੰ ਫੇਰ ਵੀ ਸਬਰ ਨਾ ਆਇਆ, ਉਹ ਦੋ ਦਿਨ ਮਗਰੋਂ ਆਪ ਵੀ ਇਸੇ ਮੁਹਿੰਮ ਤੇ ਚੜ੍ਹ ਪਿਆ। ਜਿਸ ਰਸਤੇ ਖੁਸਰੋ ਜਾ ਰਿਹਾ ਸੀ ਉਸੇ ਰਸਤੇ ਸ਼ੇਖ ਫਰੀਦ ਨੇ ਪਿੱਛਾ ਕੀਤਾ। ਖੁਸਰੋ ਨੇ ਪੰਜਾਬ ਵਿਚ ਗੋਇੰਦਵਾਲ ਦੇ ਪਤਨ ਤੇ ਦਰਿਆ ਬਿਆਸ ਮਿਤੀ ੨੧ ਅਪ੍ਰੈਲ ੧੬੦੬ ਨੂੰ ਪਾਰ ਕੀਤਾ ਅਤੇ ਸਿੱਧਾ ਲਾਹੌਰ ਦੇ ਕਿਲ੍ਹੇ ਤੇ ਕਬਜ਼ਾ ਕਰਨ ਵਾਸਤੇ ਭੱਜ ਨਿਕਲਿਆ, ਪਰ ਉਸ ਮੰਤਵ ਵਿਚ ਕਾਮਯਾਬ ਨਾ ਹੋ ਸਕਿਆ ਅਤੇ ਜਦ ਉਸ ਨੂੰ ਪਤਾ ਲੱਗਿਆ ਕਿ ਸ਼ੇਖ ਫਰੀਦ ਵੀ ਗੋਇੰਦਵਾਲ ਤੋਂ ਦਰਿਆ ਪਾਰ ਕਰ ਚੁਕਿਆ ਹੈ ਅਤੇ ਉਸ ਦਾ ਪਿੱਛਾ ਕਰ ਰਿਹਾ ਹੈ, ਤਾਂ ਉਹ ਸ਼ੇਖ ਫਰੀਦ ਨਾਲ ਲੜਨ ਲਈ

ਲਾਹੌਰ ਤੋਂ ਵਾਪਸ ਮੁੜ ਆਇਆ। ਪਿੰਡ ਭੈਰੋਵਾਲ ਦੇ ਨੇੜੇ ਲੜਾਈ ਹੋਈ। ਖੁਸਰੋ ਨੂੰ ਸ਼ੇਖ ਫਰੀਦ ਨੇ ਹਾਰ ਦਿੱਤੀ ਅਤੇ ਉਹ ਜੰਗੇ ਮੈਦਾਨ ਵਿਚੋਂ ਕਾਬਲ ਜਾਣ ਲਈ ਭੱਜ ਨਿਕਲਿਆ। ਮੰਦੇ ਭਾਗਾਂ ਨੂੰ ਝਨਾਬ ਦਰਿਆ ਪਾਰ ਕਰਦੇ ਹੋਏ ਉਸ ਨੂੰ ਮਿਤੀ ੨੭ ਅਪ੍ਰੈਲ ੧੬੦੬ ਈਸਵੀ ਨੂੰ, ਸ਼ੇਖ ਫਰੀਦ ਦੇ ਫੌਜੀਆਂ ਨੇ ਗ੍ਰਿਫਤਾਰ ਕਰ ਲੀਤਾ।

ਇਸ ਸਮੇਂ ਵਿਚ ਬਾਦਸ਼ਾਹ ਜਹਾਂਗੀਰ ਨੇ ਵੀ ਇਸੇ ਗੋਇੰਦਵਾਲ ਦੇ ਪਤਨ ਤੋਂ ਦਰਿਆ ਪਾਰ ਕਰ ਲਿੱਤਾ ਅਤੇ ਡਾ. ਗੰਡਾ ਸਿੰਘ ਅਨੁਸਾਰ ਉਸਨੇ ਝਬਾਲ ਦੇ ਮੁਕਾਮ ਤੋਂ ਰਾਤ ਨੂੰ ਕੋਪ ਕੀਤਾ ਉਹ ਲਾਹੌਰ ਦੇ ਨੇੜੇ ੨੮ ਅਪ੍ਰੈਲ ੧੬੦੬ ਨੂੰ ਪੁੱਜ ਗਿਆ ਅਤੇ ਇਕ ਬਾਗ ਵਿਚ ੧੦ ਦਿਨ ਲਈ ਸ਼ਹਿਰ ਵਿਚ ਦਾਖਲ ਹੋਣ ਤੋਂ ਪਹਿਲਾਂ ਠਹਿਰ ਗਿਆ। ਇਹ ਮੁਹਿੰਮ ਦੀ ਕਾਮਯਾਬੀ ਵਿਚ ਖੁਸ਼ੀਆਂ ਮਨਾਈਆਂ ਗਈਆਂ ਅਤੇ ਭੈਰੋਵਾਲ ਪਿੰਡ ਦਾ ਨਾਂ ਫਤਿਆਬਾਦ ਰੱਖ ਕੇ ਜਾਗੀਰ ਵਜੋਂ ਸ਼ੇਖ ਫਰੀਦ ਨੂੰ ਦੇ ਦਿੱਤਾ ਗਿਆ ਅਤੇ ਉਸਨੂੰ ਮੁਰਤਜਾਖਾਨ ਦਾ ਖਿਤਾਬ ਦੇ ਕੇ ਲਾਹੌਰ ਦਾ ਗਵਰਨਰ ਬਣਾ ਦਿੱਤਾ।

ਖੁਸਰੋ ਦੇ ਆਗਰੇ ਤੋਂ ਭੱਜ ਨਿਕਲਣ ਤੋਂ ਮਗਰੋਂ ਸਾਰੇ ਰਸਤੇ ਵਿਚ ਜਿੱਥੇ ਵੀ ਕਿਸੇ ਨੇ ਖੁਸਰੋ ਦੀ ਮਦਦ ਕੀਤੀ ਉਸਨੂੰ ਮਗਰ ਆ ਰਹੇ ਸ਼ੇਖ ਫਰੀਦ ਤੇ ਬਾਦਸ਼ਾਹ ਜਹਾਂਗੀਰ ਨੇ ਯੋਗ ਸਜ਼ਾਵਾਂ ਦਿੱਤੀਆਂ। ਖੁਸਰੋ ਦੀ ਸਹਾਇਤਾ ਕਰ ਰਹੇ ਫੌਜੀ ਹਾਰ ਮਗਰੋਂ ਗ੍ਰਿਫਤਾਰ ਕੀਤੇ ਗਏ ਅਤੇ ਉਨ੍ਹਾਂ ਨੂੰ ਮੌਤ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ ਅਤੇ ਉਨ੍ਹਾਂ ਦੀਆਂ ਲਾਸ਼ਾਂ ਦਰੱਖ਼ਤਾਂ ਤੇ ਖੁਸਰੋ ਨੂੰ ਭੈਭੀਤ ਕਰਨ ਲਈ ਲਟਕਾ ਦਿੱਤੀਆਂ ਗਈਆਂ। ਖੁਸਰੋ ਨੂੰ ਬੇੜੀਆਂ ਨਾਲ ਜਕੜ ਕੇ ਕੈਦ ਵਿਚ ਸੁੱਟ ਦਿੱਤਾ ਗਿਆ। ਮਗਰੋਂ ਜਹਾਂਗੀਰ ਦੇ ਹੁਕਮ ਨਾਲ ਖੁਸਰੋ ਨੂੰ ਅੱਖਾਂ ਤੋਂ ਅੰਨ੍ਹਾ ਕਰ ਦਿੱਤਾ ਗਿਆ।

ਅਪ੍ਰੈਲ ੨੮ ਤੋਂ ਮਈ ਸੰਨ ੧੬੦੬ ਤੱਕ ਦੇ ੧੦ ਦਿਨਾਂ ਵਿਚ ਲਾਹੌਰ ਤੋਂ ਬਾਹਰ ਰਹਿੰਦੇ ਹੋਏ ਜਹਾਂਗੀਰ ਬਾਦਸ਼ਾਹ ਨੇ ਹੋਰ ਵੀ ਰਾਜ ਪ੍ਰਬੰਧ ਦੇ ਕੰਮ ਕੀਤੇ। ਕਈ ਖਾਨਕਾਰਾਂ ਨੂੰ ਜਗੀਰਾਂ ਦਿੱਤੀਆਂ। ਆਗਰੇ ਵਿਚ ਰਹਿ ਰਹੇ ਆਪਣੇ ਪਰਿਵਾਰ ਨੂੰ ਬੁਲਾਉਣ ਦਾ ਪ੍ਰਬੰਧ ਕੀਤਾ। ਇਸ ਸਾਰੇ ਸਮੇਂ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਖੁਸਰੋ ਨੂੰ ਮੱਦਦ ਕਰਨ ਬਾਰੇ ਕੋਈ ਗੱਲ ਉਸਦੇ ਧਿਆਨ ਵਿਚ ਨਹੀਂ ਆਈ। ਉਸਨੇ ੨੬ ਜਾਂ ੨੭ ਅਪ੍ਰੈਲ, ਨੂੰ ਗੋਇੰਦਵਾਲ ਦੇ ਮੁਕਾਮ ਤੇ ਦਰਿਆ ਪਾਰ ਕੀਤਾ ਸੀ ਅਤੇ ਉਹ ਇਕ ਰਾਤ ਝਬਾਲ ਵੀ ਠਹਿਰਿਆ ਸੀ, ਪਰ ਉਸ ਥਾਂ ਤੇ ਵੀ ਉਸਨੂੰ ਗੁਰੂ ਸਾਹਿਬ ਅਰ ਖੁਸਰੋ ਦੀ ਮੁਲਾਕਾਤ ਬਾਰੇ ਕਿਸੇ ਗੱਲ ਦਾ ਪਤਾ ਨਹੀਂ ਲਗਿਆ। ਖੁਸਰੋ ੨੧-੪-੧੬੦੬ ਨੂੰ ਪੁਜਿਆ ਸੀ। ਇਸ ਤਰ੍ਹਾਂ ਉਹ ਗੁਰੂ ਸਾਹਿਬ ਨੂੰ ਮਿਲਣ ਲਈ ਅੰਮ੍ਰਿਤਸਰ ਦੇ ਰਸਤੇ ਜੋ ਕਿ ੨੫ ਮੀਲ ਦਾ ਗੇੜ ਪਾਉਂਦਾ ਹੈ ਨਹੀਂ ਗਿਆ, ਅਤੇ ਨਾ ਹੀ ਉਹ ਇਨਾਂ ਸਮਾਂ ਕੱਢ ਸਕਦਾ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਉਸ ਸਮੇਂ ਦੇ ਭਾਰਤ ਵਿਚ ਇਕ ਮਹਾਨ ਵਿਅਕਤੀ ਸਨ ਉਨ੍ਹਾਂ ਦੀ ਸੇਵਾ ਵਿਚ ਹਰ ਸਮੇਂ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਸੇਵਕ ਜੁੜੇ ਰਹਿੰਦੇ ਸਨ। ਉਨ੍ਹਾਂ ਨੇ ਜਿਥੇ ਵੀ ਆਪਣੇ ਚਰਨ ਪਾਏ, ਉਹ ਥਾਵਾਂ ਇਤਿਹਾਸ ਵਿਚ ਉਘੀਆਂ ਹਨ। ਇਸ ਤਰ੍ਹਾਂ ਗੁਰੂ ਸਾਹਿਬ ਦੀ ਖੁਸਰੋ ਨਾਲ ਕੋਈ ਮੁਲਾਕਾਤ ਲੁਕੀ ਛੁਪੀ ਨਹੀਂ ਰਹਿ ਸਕਦੀ ਸੀ। ਗੁਰੂ ਸਾਹਿਬ ਦਾ ਉਸ ਵੇਲੇ ਗੋਇੰਦਵਾਲ ਆਉਣਾ ਜਾਂ ਪਹਿਲੋਂ ਹੀ ਉਥੇ ਹੋਣਾ ਵੀ ਲੁਕਿਆ ਨਹੀਂ ਰਹਿ ਸਕਦਾ ਸੀ। ਜਹਾਂਗੀਰ ਲਾਹੌਰ ਸ਼ਹਿਰ ਵਿਚ ਦਾਖਲ ਹੋਣ ਉਪਰੰਤ ਰਾਜਸੀ ਮਾਮਲਿਆ ਵਿਚ ਮਿਤੀ ੨੩ ਮਈ, ੧੬੦੬ ਤੱਕ ਰੁਝਿਆ ਰਿਹਾ, ਇਸ ਸਮੇਂ ਵਿਚ ਵੀ ਲਾਹੌਰ ਸ਼ਹਿਰ ਤੋਂ ਉਸਨੂੰ ਕੋਈ ਗੁਰੂ ਸਾਹਿਬ ਦੇ ਖਿਲਾਫ ਖੁਸਰੋ ਦੀ ਮਦੱਦ ਕਰਨ ਬਾਰੇ ਸ਼ਿਕਾਇਤ ਨਹੀਂ ਹੋਈ। ਇਤਿਹਾਸਕ ਤੌਰ 'ਤੇ ਖੁਸਰੋ ਦੀ ਗੁਰੂ ਅਰਜਨ ਦੇਵ ਜੀ ਨਾਲ ਮੁਲਾਕਾਤ ਹੋਣੀ ਸਿੱਧ ਨਹੀਂ ਹੁੰਦੀ।

ਜਹਾਂਗੀਰ ਆਪਣੀ ਖੁਦ ਲਿਖਤ "ਤੋਜ਼ਕੇ-ਜਹਾਂਗੀਰੀ" ਦੇ ਪੰਨਾ ੩੫ ਤੇ ਮਿਤੀ ੨੩ ਮਈ, ੧੬੦੬ ਈਸਵੀ ਨੂੰ ਅਚਾਨਕ ਹੀ ਲਿਖਦਾ ਹੈ ਕਿ ਗੋਇੰਦਵਾਲ ਦੇ ਮੁਕਾਮ ਤੇ ਦਰਿਆ ਬਿਆਸ ਦੇ ਕਿਨਾਰੇ ਜਿਥੇ ਖੁਸਰੋ ਠਹਿਰਿਆ ਹੋਇਆ ਸੀ ਗੁਰੂ ਅਰਜਨ ਉਸਨੂੰ ਮਿਲਣ ਵਾਸਤੇ ਗਿਆ ਅਤੇ ਖੁਸਰੋ ਨੂੰ ਉਸਨੇ ਕੁੱਝ ਪਹਿਲਾਂ ਪਕਾਈਆਂ ਹੋਈਆਂ ਗੱਲਾਂ ਦੱਸੀਆਂ ਅਤੇ ਉਸਦੇ ਮੱਥੇ ਤੇ ਕਸਤੂਰੀ ਦਾ ਤਿਲਕ ਲਗਾ ਕੇ ਅਸ਼ੀਰਵਾਦ ਦਿੱਤੀ। ਇਹ ਸੁਣ ਕੇ ਜਹਾਂਗੀਰ ਨੇ ਬਿਨਾਂ ਪੁੱਛ ਪ੍ਰਤੀਤ ਅਤੇ ਪੜਤਾਲ ਕੀਤੇ ਗੁਰੂ ਸਾਹਿਬ ਨੂੰ ਗ੍ਰਿਫਤਾਰ ਕਰਕੇ ਲਿਆਉਣ ਦਾ ਅਤੇ ਤਸੀਹੇ ਦੇ ਕੇ ਮੌਤ ਦੀ ਸਜ਼ਾ ਦੇਣ ਦਾ ਹੁਕਮ ਜਾਰੀ ਕਰ ਦਿੱਤਾ ਅਤੇ ਇਸ ਦੇ ਨਾਲ ਹੀ ਗੁਰੂ ਸਾਹਿਬ ਦੀ ਜਾਇਦਾਦ ਨੂੰ ਜਬਤ ਕਰਕੇ ਮੁਰਤਜਾ-ਖਾਨ ਦੇ ਕਬਜ਼ੇ ਵਿਚ ਦੇ ਦਿੱਤੀ। ਜਹਾਂਗੀਰ ਗੁਰੂ ਸਾਹਿਬ ਨੂੰ ਮੰਗੋਲ ਕਾਨੂੰਨ ਯਾਸਾ ਐ ਸਿਆਸਤ 'ਅਸ਼ਾ-ਐ-ਸਿਆਸਤ' ਅਧੀਨ ਮੌਤ ਦੀ ਸਜ਼ਾ ਦਾ ਹੁਕਮ ਲਿਖਦੇ ਹੋਏ ਅਰੰਭ ਵਿਚ ਲਿਖਦਾ ਹੈ ਕਿ "ਉਸਨੂੰ ਪਤਾ ਸੀ ਕਿ ਗੋਇੰਦਵਾਲ ਦਰਿਆਏ ਬਿਆਸ ਦੇ ਕਿਨਾਰੇ ਤੇ ਇਕ ਅਰਜਨ ਨਾਮੀ ਹਿੰਦੂ ਸੰਤ ਅਤੇ ਬਜ਼ੁਰਗ ਦੇ ਭੇਸ ਵਿਚ ਰਹਿੰਦਾ ਹੈ ਜਿਸ ਨੇ ਬਹੁਤ ਹਿੰਦੂਆਂ ਅਤੇ ਬੇਵਕੂਫ ਮੁਸਲਮਾਨਾਂ ਨੂੰ ਆਪਣੇ ਜਾਲ ਵਿਚ ਫਸਾਇਆ ਹੋਇਆ ਹੈ। ਉਸਨੇ ਧਾਰਮਿਕ ਆਗੂ ਹੋਣ ਦਾ ਪ੍ਰਪੰਚ ਕੀਤਾ ਹੋਇਆ ਹੈ ਅਤੇ ਲੋਕ ਉਸਨੂੰ ਗੁਰੂ ਆਖਦੇ ਹਨ। ਤਿੰਨ ਚਾਰ ਪੁਸ਼ਤਾਂ ਤੋਂ ਇਹ ਦੁਕਾਨ ਗਰਮ ਚੱਲੀ ਆ ਰਹੀ ਹੈ। ਬਹੁਤ ਲੰਮੇ ਸਮੇਂ ਤੋਂ ਮੇਰਾ ਇਹ ਖਿਆਲ ਬਣਦਾ ਆ ਰਿਹਾ ਸੀ ਕਿ ਜਾਂ ਤਾਂ ਮੈਂ ਇਸ ਝੂਠ ਦੀ ਸੰਸਥਾ ਦਾ ਅੰਤ ਕਰ ਦੇਵਾਂ ਨਹੀਂ ਫਿਰ ਉਸਨੂੰ (ਗੁਰੂ ਨੂੰ) ਮੁਸਲਮਾਨ ਬਣਾ ਲਵਾਂ।" ਉੱਪਰ ਦਸੇ ਹੁਕਮ ਦੀ ਲਿਖਤ ਤੋਂ ਇਹ ਭਲੀ ਪ੍ਰਕਾਰ ਸਿੱਧ ਹੋ ਜਾਂਦਾ ਹੈ ਕਿ ਜਹਾਂਗੀਰ ਨੇ ਪਹਿਲਾਂ ਹੀ ਕਿਸੇ ਸਾਜ਼ਿਸ਼ ਅਧੀਨ ਗੁਰੂ ਗੱਦੀ ਨੂੰ ਖਤਮ ਕਰਨ ਦਾ ਮਨ ਬਣਾਇਆ ਹੋਇਆ ਸੀ ਅਤੇ ਖੁਸਰੋ ਦੀ ਬਗਾਵਤ ਦੇ ਦਿਨਾਂ ਵਿਚ ਉਸ ਦਾ ਪੰਜਾਬ ਵਿਚ ਆ ਜਾਣ ਦਾ ਬਹਾਨਾ ਲਭਦੇ ਹੋਏ ਇਕ ਮਹੀਨੇ ਮਗਰੋਂ ਕਿਸੇ ਦੇ ਯਾਦ ਕਰਵਾਉਣ ਤੇ ਉਸਨੇ ਝੂਠੇ ਤੌਰ 'ਤੇ ਗੁਰੂ ਸਾਹਿਬ ਨੂੰ ਖੁਸਰੋ ਨਾਲ ਮੁਲਾਕਾਤ ਕਰਨ ਬਾਰੇ ਇਲਜ਼ਾਮ ਲਾ ਕੇ ਬਿਨਾਂ ਪੁੱਛ ਪੜਤਾਲ ਮੌਤ ਦੀ ਸਜ਼ਾ ਦੇ ਦਿੱਤੀ।

ਜਹਾਂਗੀਰ ਦੇ ਹੁਕਮ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗ੍ਰਿਫਤਾਰ ਕਰਕੇ ਲਾਹੌਰ ਵਿਚ ਮੁਰਤਜਾਖਾਨ ਦੇ ਹਵਾਲੇ ਕਰ ਦਿੱਤਾ। ਇਸ ਉਪਰੰਤ ਕਈ ਦਿਨ ਗੁਰੂ ਸਾਹਿਬ ਨੂੰ 'ਯਾਸਾ ਅਤੇ ਸਿਆਸਤ' ਦੇ ਕਾਨੂੰਨ ਅਧੀਨ ਅਸਿਹ ਅਤੇ ਅਕਿਹ ਕਸ਼ਟ ਦਿੱਤੇ ਗਏ ਜੋ ਇਕ ਆਮ ਮਨੁੱਖ ਨੂੰ ਸਹਾਰਣੇ ਮੁਸ਼ਕਲ ਸਨ। ਭਾਈ ਗੁਰਦਾਸ ਜੀ ਵਾਰ ੨੩ ਵਿਚ ਲਿਖਦੇ ਹਨ ਕਿ ਗੁਰੂ ਅਰਜਨ ਦੇਵ ਜੀ ਨੂੰ ਜਿਸਮਾਨੀ ਤੌਰ 'ਤੇ ਅਤਿ ਦਰਜੇ ਦਾ ਕਸ਼ਟ ਦਿੱਤਾ ਗਿਆ ਸੀ। ਅਤੇ ਮਈ ੩੦, ੧੬੦੬ ਈਸਵੀ ਨੂੰ ਇਹ ਕਸ਼ਟ ਸਹਾਰਦੇ ਹੋਏ ਵਾਹਿਗੁਰੂ ਦਾ ਭਾਣਾ ਮੰਨਦੇ ਹੋਏ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਚੋਲਾ ਤਿਆਗ ਦਿੱਤਾ ਅਤੇ ਉਨ੍ਹਾਂ ਦੀ ਰੂਹ "ਜਿਉ ਜਲ ਮਹਿ ਜਲ ਆਏ ਖਟਾਨਾ॥ ਤਿਉ ਜੋਤੀ ਸੰਗ ਜੋਤਿ ਸਮਾਨਾ" ਦੇ ਮਹਾਂਵਾਕ ਅਨੁਸਾਰ ਵਾਹਿਗੁਰੂ ਨਾਲ ਅਭੇਦ ਹੋ ਗਈ। ਇਸ ਮਹਾਨ ਸ਼ਹਾਦਤ ਉਪਰੰਤ ਜਿਸ ਨੇ ਅੱਗੇ ਜਾ ਕੇ

ਭਾਰਤ ਵਿਚ ਵਿਸ਼ੇਸ਼ ਕਰਕੇ ਪੰਜਾਬ ਦੀ ਧਰਤੀ ਤੇ ਪਰਿਵਰਤਨ ਲਿਆਂਦਾ ਇਤਿਹਾਸ ਦੇ ਮੱਥੇ ਤੇ ਇਕ ਕਲੰਕ ਭਰਿਆ ਟਿੱਕਾ ਹੈ।

ਉੱਪਰ ਦੱਸੇ ਹਾਲਾਤ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਸੰਬੰਧ ਵਿਚ ਸਹਿਜੇ ਹੀ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਇਸ ਦੁਖਾਂਤ ਘਟਨਾ ਦਾ ਮੋਢੀ ਜਹਾਂਗੀਰ ਸੀ ਜਿਸ ਨੇ ਆਪਣੇ ਹੱਥ ਲਿਖਤੀ ਦਸਤਾਵੇਜ਼ ਵਿਚ ਸਾਫ ਤੌਰ 'ਤੇ ਆਪਣੇ ਦਿਲ ਦੀ ਭੜਾਸ ਕੱਢੀ ਹੈ ਕਿ ਉਹ ਗੁਰੂ ਅਰਜਨ ਦੇਵ ਨੂੰ ਖਤਮ ਕਰਨ ਦਾ ਮਨ ਬਣਾਈ ਬੈਠਾ ਸੀ। ਉਸ ਨੂੰ ਉਕਸਾਉਣ ਵਾਲਾ ਇਸ ਭੈੜੀ ਦੁਖਾਂਤ ਦੁਰਘਟਨਾ ਦੇ ਖੁਸ਼ੀ ਪ੍ਰਗਟ ਕਰਨ ਵਾਲਾ ਸ਼ੇਖ ਅਹਿਮਦ ਮਜੱਜਦ ਅਲਫ-ਸਾਨੀ-ਸਰਹੰਦੀ ਇਸ ਲਈ ਜ਼ੁੰਮੇਵਾਰੀ ਤੋਂ ਬਰੀ ਨਹੀਂ ਹੋ ਸਕਦਾ। ਉਹ ਇਸ ਦਰਦਨਾਕ ਘਟਨਾ ਨੂੰ 'ਕਾਮਯਾਬੀ' ਦੱਸਦਾ ਹੈ ਅਤੇ ਖੁਸ਼ੀ ਦਾ ਸੰਦੇਸ਼ ਭੇਜਦਾ ਹੈ ਜਦ ਕਿ ਹਜ਼ਰਤ ਮੀਆਂ ਮੀਰ ਵਰਗੇ ਖੁਦਾ ਤਰਸ ਸੱਚੇ ਮੁਸਲਮਾਨ ਸੂਫੀ ਸੰਤ ਵਰਗੇ ਮਹਾਂਪੁਰਸ਼ ਅਤਿ ਦੁਖੀ ਹੋਏ ਸਨ।

ਇਸ ਸਾਜ਼ਸ਼ ਨੂੰ ਨੇਪਰੇ ਚਾੜ੍ਹਨ ਵਿਚ ਗੁਰੂ ਸਾਹਿਬ ਦੇ ਬਰਖਿਲਾਫ ਦੀਵਾਨ ਚੰਦੂ ਨੇ ਵੀ ਘ੍ਰਿਣਤ ਕੰਮ ਕੀਤੇ। ਕਈ ਲਿਖਾਰੀਆਂ ਨੇ ਆਮ ਪ੍ਰਚਲਤ ਕਥਾ ਅਨੁਸਾਰ ਚੰਦੂ ਨੂੰ ਇਸ ਦੁਖਾਂਤ ਦੁਰਘਟਨਾ ਦਾ ਮੋਢੀ ਦੱਸਿਆ ਹੈ ਪਰ ਇਹ ਗੱਲ ਮੰਨਣ ਯੋਗ ਨਹੀਂ। ਇਤਿਹਾਸਕ ਤੌਰ 'ਤੇ ਚੰਦੂ ਦਾ ਮੁਗ਼ਲ ਹਕੂਮਤ ਦਾ ਦੀਵਾਨ ਹੋਣਾ ਜਾਂ ਹੋਰ ਕਿਸੇ ਅਹੁਦੇ ਤੇ ਲਗਾ ਹੋਣਾ ਸਾਬਤ ਨਹੀਂ ਹੁੰਦਾ। (ਡਾ. ਗੰਡਾ ਸਿੰਘ, ਉਪਰ ਦਿੱਤਾ ਹਵਾਲਾ ਵਿਚ) ਸਿੱਖ ਇਤਿਹਾਸ ਵਿਚ ਚੰਦੂ ਨੂੰ ਮੋਰੀ ਦੀ ਇੱਟ ਹੀ ਦਸਿਆ ਹੈ ਭਾਵ ਉਹ ਕੋਈ ਛੋਟੀ ਹਸਤੀ ਦਾ ਵਿਅਕਤੀ ਹੀ ਸੀ, ਗੁਰੂ ਸਾਹਿਬ ਦੇ ਖਿਲਾਫ ਨਿੰਦਕ ਜੁੰਡਲੀ ਵਿਚ ਸ਼ਾਮਿਲ ਹੋ ਸਕਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਲਾਹੌਰ ਵਿਚ ਰਾਵੀ ਦੇ ਕਿਨਾਰੇ ਹੋਈ ਜਿੱਥੇ ਹੁਣ ਡੇਰਾ ਸਾਹਿਬ ਗੁਰਦੁਆਰਾ ਬਤੌਰ ਯਾਦਗਾਰ ਦੇ ਸਥਾਪਤ ਹੈ। ਇਸੇ ਲਾਹੌਰ ਸ਼ਹਿਰ ਵਿਚ ੧੬ ਸਾਲ ਮਗਰੋਂ ਜਹਾਂਗੀਰ ਦੀ ਮੌਤ ਹੋਈ ਅਤੇ ਇਸੇ ਰਾਵੀ ਦਰਿਆ ਦੇ ਕਿਨਾਰੇ ਉਸ ਦੀ ਕਬਰ-ਮਿਜ਼ਾਰ ਵੀ ਬਣੀ ਹੋਈ ਹੈ, ਇਥੇ ਹੀ ਉਸ ਦੀ ਚਹੀਤੀ ਮਲਕਾ ਨੂਰਜਹਾਂ ਦੀ ੧੪ ਸਾਲ ਸ਼ਾਹਜਹਾਨ ਦੇ ਹੁਕਮ ਨਾਲ ਕੈਦੀ ਰਹਿਣ ਮਗਰੋਂ ਮੌਤ ਹੋਈ। ਉਸ ਦਾ ਮਿਜ਼ਾਰ ਵੀ ਇਸੇ ਰਾਵੀ ਦੇ ਕਿਨਾਰੇ ਬਣਿਆ ਹੋਇਆ ਹੈ। ਵਾਹਿਗੁਰੂ ਨੇ ਜਹਾਂਗੀਰ ਨੂੰ ਅੰਤ ਸਮੇਂ ਘੇਰ ਕੇ ਇਸੇ ਥਾਂ ਤੇ ਕਬਰ ਵਿਚ ਪੈ ਕੇ ਸਦੀਵੀ ਪਸ਼ਚਾਤਾਪ ਕਰਨ ਲਈ ਇਕ ਦੁਰਘਟਨਾ ਵਾਲੀ ਥਾਂ ਲੈ ਆਂਦਾ। ਜਹਾਂਗੀਰ ਅਤੇ ਉਸਦੀ ਮਲਕਾ ਦੇ ਮਿਜ਼ਾਰ ਦੀ ਭੈੜੀ ਹਾਲਤ ਬਾਰੇ ਲਿਖਾਰੀਆਂ ਨੇ ਬਹੁਤ ਕੁਝ ਲਿਖਿਆ ਹੋਇਆ ਹੈ ਪਰ ਉਸ ਦੇ ਉਲਟ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸ਼ਹੀਦ ਅਸਥਾਨ ਤੇ ਪਾਕਿਸਤਾਨ ਬਣਨ ਉਪਰੰਤ ਵੀ ਸਾਰੇ ਸੰਸਾਰ ਤੋਂ ਗੁਰੂ ਸਾਹਿਬ ਦੇ ਸ਼ਰਧਾਲੂ ਹਜ਼ਾਰਾਂ ਦੀ ਗਿਣਤੀ ਵਿਚ ਸ਼ਰਧਾ ਦੇ ਫੁੱਲ ਭੇਟਾ ਕਰਨ ਆਉਂਦੇ ਹਨ। ਡੇਰਾ ਸਾਹਿਬ ਦਾ ਉੱਚਾ ਕੇਸਰੀ ਨਿਸ਼ਾਨ ਅਤੇ ਸੁਨਹਿਰੀ ਕਲਸ ਰਾਵੀ ਦੇ ਪਾਣੀਆਂ ਰਾਹੀਂ ਆਪਣਾ ਪ੍ਰਕਾਸ਼ ਸਮੁੰਦਰ ਵਿਚ ਭੇਜਦੇ ਹੋਏ ਸਾਂਝੇ ਪਾਣੀਆਂ ਰਾਹੀਂ ਸਾਰੇ ਸੰਸਾਰ ਨੂੰ ਭੇਜ ਕੇ ਸਰਵ ਸਾਂਝੀਵਾਲਤਾ ਦਾ ਸੰਦੇਸ਼ ਰਹਿੰਦੀ ਦੁਨੀਆਂ ਤੱਕ ਭੇਜਦੇ ਰਹਿਣਗੇ।

ਗੁਰੂ ਸਾਹਿਬ ਦਾ ਸ਼ਹੀਦ ਅਸਥਾਨ ਲਾਹੌਰ ਸ਼ਹਿਰ ਸਿੱਖ ਰਾਜ ਦੀ ਰਾਜਧਾਨੀ ਬਣਿਆ ਸੀ। ਵਾਹਿਗੁਰੂ ਨੂੰ ਜ਼ੁਲਮ ਅਤੇ ਅਤਿਆਚਾਰ ਮਨਜ਼ੂਰ ਨਹੀਂ ਹੁੰਦੇ ਕੇਵਲ ਸੱਚ ਦੀ ਹੀ ਫਤਹਿ ਹੁੰਦੀ ਹੈ, "ਕੂੜ ਨਖੁਟੇ ਨਾਨਕਾ, ਓੜਕ ਸੱਚ ਰਹੀ"।

ਵਾਸਤਵ ਵਿਚ ਗੁਰੂ ਅਰਜਨ ਦੇਵ ਦੀ ਸ਼ਹਾਦਤ ਨੇ ਭਾਰਤ ਵਿਚ ਸਦੀਆਂ ਤੋਂ ਕਾਇਮ ਹੋਈ ਮੁਸਲਮਾਨ ਹਕੂਮਤ ਨੂੰ ਜੜ੍ਹ ਤੋਂ ਉਖਾੜਣ ਲਈ ਬਰੂਦ ਦਾ ਕੰਮ ਕੀਤਾ ਸੀ।

● ● ●

## ਖੁਸ਼ਖ਼ਬਰੀ

**ਆਪ ਸਭ ਮੈਂਬਰ ਸਾਹਿਬਾਨ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜੋ ਇਨਕਮ ਟੈਕਸ ਦੀ ਛੂਟ ੮੦-ਜੀ ਦੇ ਨੀਚੇ ਮਿਲਦੀ ਹੈ, ਉਸ ਦੀ ਮਨਜ਼ੂਰੀ ਕਾਫ਼ੀ ਲੰਮੇ ਸਮੇਂ ਤੋਂ ਨਹੀਂ ਲਈ ਗਈ ਸੀ। ਪ੍ਰੰਤੂ ਉਸ ਦੀ ਮਨਜ਼ੂਰੀ ਵਿੱਤ ਵਰਸ਼ 2023-24, 2024-25 ਅਤੇ 2025-26 ਲਈ ਹੁਣ ਪ੍ਰਾਪਤ ਕਰ ਲਈ ਗਈ ਹੈ। ਹੁਣ ਮੈਂਬਰ ਸਾਹਿਬਾਨ ਜੋ ਦਾਨ ਦਿੰਦੇ ਹਨ, ਉਹ ਇਨਕਮ ਟੈਕਸ ਦੀ ਛੂਟ ਪ੍ਰਾਪਤ ਕਰ ਸਕਣਗੇ।**

● ● ●

# ਮਹਾਨਤਾ ਕਦੇ ਨਾ ਡਿੱਗਣ ਵਿਚ ਨਹੀਂ ਸਗੋਂ ਮਹਾਨਤਾ ਡਿੱਗ ਕੇ ਹਰ ਵਾਰ ਉੱਠਣ ਵਿਚ ਹੈ।

# ਪੰਚਮ ਪਾਤਸ਼ਾਹ ਵੱਲੋਂ ਬਣਾਏ ਅਸਥਾਨ



ਸ਼ਾਂਤੀ ਦੇ ਪੁੰਜ, ਸੁਖਮਨੀ ਦੇ ਰਚੇਤਾ, ਬਾਣੀ ਦੇ ਬੋਹਿਥ, ਗੁਰੂ ਗ੍ਰੰਥ ਸਾਹਿਬ ਦੇ ਰਚੇਤਾ ਸੰਪਾਦਕ, ਨਾਮ ਬਾਣੀ ਵਿਚ ਵਲੀਨ, ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ, ਚੌਥੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ ਮਾਤਾ ਭਾਨੀ ਜੀ ਦੀ ਕੁਖੋਂ 15 ਅਪ੍ਰੈਲ 1563 ਈ. ਨੂੰ ਗੋਇੰਦਵਾਲ ਵਿਖੇ ਹੋਇਆ। ਇਹਨਾਂ ਦੀ ਮਾਤਾ ਬੀਬੀ ਭਾਨੀ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੀ ਬੇਟੀ ਸਨ। ਆਪ ਜੀ ਦੇ ਦੋ ਭਰਾ ਬਾਬਾ ਪ੍ਰਿਥੀ ਚੰਦ ਤੇ ਬਾਬਾ ਮਹਾਂਦੇਵ ਸਨ। ਗੁਰੂ ਅਰਜਨ ਦੇਵ ਜੀ ਬ੍ਰਹਮ ਗਿਆਨੀ, ਧੀਰਜਵਾਨ, ਨਿਮਰ, ਆਤਮਰਸੀਏ, ਦਿਆਲੂ, ਸਮਦਰਸੀ ਤੇ ਆਪ ਪ੍ਰਮੇਸ਼ਰ ਸਰੂਪ ਸਨ। ਆਪ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਹਿਲੇ ਪੰਜ ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ ਹਿੰਦੁਸਤਾਨ ਦੇ ਵੱਖ-ਵੱਖ ਸੂਬਿਆਂ ਵਿਚੋਂ 15 ਭਗਤਾਂ, ਸੰਤਾਂ, ਸੂਫ਼ੀ, ਫ਼ਕੀਰਾਂ ਤੇ 11 ਭੱਟਾਂ ਦੀ ਰਚਨਾ ਵੱਖ-ਵੱਖ ਰਾਗਾਂ ਵਿਚ ਸਮਲਿਤ ਕਰਕੇ ਸਰਬ ਮਨੁੱਖਤਾ ਦੇ ਸਾਂਝੇ ਧਾਰਮਿਕ ਗ੍ਰੰਥ ਸਾਹਿਬ ਨੂੰ ਹਰਮੰਦਿਰ ਸਾਹਿਬ ਵਿਚ ਪ੍ਰਕਾਸ਼ਮਾਨ ਕੀਤਾ।


**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
(ਸੇਵਾ ਮੁਕਤ)
**ਸੰਪਾਦਕ**
98141-28181




ਆਪ ਜੀ ਨੇ ਆਪਣੇ ਜੀਵਨ ਕਾਲ ਵਿਚ ਜਿਥੇ ਚਹੁੰ ਵਰਨਾ ਕੋ ਸਾਂਝਾ ਸ੍ਰੀ ਹਰਮੰਦਿਰ ਸਾਹਿਬ ਦੀ ਸਰੋਵਰ ਸਮੇਤ ਉਸਾਰੀ ਕਰਵਾਈ। ਉਥੇ ਆਪ ਜੀ ਨੇ ਆਪਣੇ ਹੱਥੀਂ ਹੋਰ ਕਈ ਪਵਿੱਤਰ ਅਸਥਾਨ ਅਤੇ ਸ਼ਹਿਰ ਵਸਾਏ, ਜਿਨ੍ਹਾਂ ਵਿਚੋਂ ਕਈ ਪ੍ਰਮੁੱਖ ਹੇਠ ਲਿਖੇ ਅਨੁਸਾਰ ਹਨ।

**ਸੰਤੋਖਸਰ** - ਸਭ ਤੋਂ ਪਹਿਲਾਂ ਸ੍ਰੀ ਗੁਰੂ ਰਾਮਦਾਸ ਜੀ ਨੇ ਸੰਤੋਖਸਰ ਆਰੰਭ ਕੀਤਾ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਪਹਿਲਾਂ ਉਸ ਨੂੰ ਪੂਰਨ ਕਰਨਾ ਉਚਿਤ ਸਮਝਿਆ। ਪੇਸ਼ਾਵਰ ਦੇ ਰਹਿਣ ਵਾਲੇ ਇਕ ਧਨਾਢ ਸਿੱਖ ਭਾਈ ਸੰਤੋਖ ਨੇ ਇਸ ਦੀ ਸੇਵਾ ਵਾਸਤੇ ਚੋਖਾ ਧਨ ਅਰਦਾਸ ਕਰਵਾਇਆ। ਸੰਨ 1643 ਬਿਕਰਮੀ ਵਿਚ ਇਹ ਸਰੋਵਰ ਮੁਕੰਮਲ ਹੋ ਗਿਆ।

**ਸ੍ਰੀ ਹਰਿਮੰਦਰ ਸਾਹਿਬ** - ਫੇਰ ਸ੍ਰੀ ਗੁਰੂ ਅਰਜਨ ਦੇਵ ਜੀ ਸਾਹਿਬ ਮਹਾਰਾਜ ਨੇ ਅੰਮ੍ਰਿਤ-ਸਰੋਵਰ ਨੂੰ ਮੁਕੰਮਲ ਕਰਨ ਵੱਲ ਆਪਣਾ ਸਾਰਾ ਧਿਆਨ ਲਾਇਆ। ਸਰੋਵਰ ਲਗਭਗ ਮੁਕੰਮਲ ਹੋ ਗਿਆ ਤਾਂ ਮਹਾਰਾਜ ਨੇ ਪਹਿਲੀ ਮਾਘ ੧੬੪੫ ਬਿ. ਨੂੰ ਹਰਿਮੰਦਰ ਸਾਹਿਬ ਦੀ ਨੀਂਹ ਧਰੀ। ਮਨੁੱਖਤਾ ਦੇ ਰਹਿਬਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਕ ਅਨੋਖੀ ਕਰਨੀ ਕਰ ਵਿਖਾਈ, ਜਿਸ ਦੀ ਹੋਰ ਕਿਧਰੇ ਮਿਸਾਲ ਨਹੀਂ ਮਿਲਦੀ। ਲਾਹੌਰ ਤੋਂ ਸਾਈਂ ਮੀਆਂ ਮੀਰ ਨੂੰ ਬੁਲਾ ਕੇ 'ਹਰਿਮੰਦਰ ਸਾਹਿਬ' ਦੀ ਨੀਂਹ ਉਸ ਕੋਲੋਂ ਰਖਵਾਈ ਗਈ। ਸਿੱਖਾਂ ਦੇ ਸਭ ਤੋਂ ਵੱਡੇ ਮੰਦਰ ਦੀ ਨੀਂਹ ਇਕ ਮੁਸਲਮਾਨ ਫਕੀਰ ਦੇ ਹੱਥੋਂ ਰਖਵਾਈ ਗਈ।

'ਹਰਿਮੰਦਰ' ਸਾਹਿਬ ਅੰਮ੍ਰਿਤਸਰ (ਸਰੋਵਰ) ਦੇ ਵਿਚਕਾਰ ਰਚਿਆ ਗਿਆ। ਉਸ ਦੇ ਚਾਰ ਦਰਵਾਜ਼ੇ ਰੱਖੇ ਗਏ ਜਿਸ ਦਾ ਭਾਵ ਸੀ ਕਿ ਇਹ ਧਰਮ ਮੰਦਰ ਚੌਹਾਂ ਵਰਣਾਂ ਵਾਸਤੇ ਖੁੱਲ੍ਹਾ ਹੈ। ਪੰਡਤ ਦੇ ਬਣਾਏ ਮੰਦਰ ਕੇਵਲ ਉੱਚ ਜਾਤੀਆਂ ਵਾਸਤੇ ਸਨ। ਮਿਥੀਆਂ ਹੋਈਆਂ ਨੀਵੀਆਂ ਜਾਤੀਆਂ ਨੂੰ ਉਨ੍ਹਾਂ ਦੇ ਅੰਦਰ ਦਾਖਲ ਹੋਣ ਦੀ ਆਗਿਆ ਨਹੀਂ ਸੀ। ਇਹ ਹਰੀ (ਈਸ਼ਵਰ) ਦਾ ਮੰਦਰ ਸਾਰੀਆਂ ਜਾਤੀਆਂ ਵਾਸਤੇ, ਹਰ ਪ੍ਰਾਣੀ ਮਾਤਰ ਵਾਸਤੇ ਖੁੱਲ੍ਹਾ ਸੀ। 'ਹਰਿਮੰਦਰ' ਸਾਹਿਬ ਨੂੰ ਕਿ ਪੁਲ ਰਾਹੀਂ ਬਾਹਰ ਦੀ ਪਰਕਰਮਾ ਨਾਲ ਮਿਲਾ ਦਿੱਤਾ ਗਿਆ। ਕਲਾ-ਮਈ ਪੱਖ ਤੋਂ ਵੀ ਇਹ ਕਾਰੀਗਰੀ ਦਾ ਬਹੁਤ ਉੱਤਮ ਨਮੂਨਾ ਹੈ। ਇਸ ਵੇਲੇ ਅੰਮ੍ਰਿਤਸਰ ਦਾ ਹਰਿਮੰਦਰ ਸਾਹਿਬ (ਗੋਲਡਨ ਟੈਂਪਲ) ਸੰਸਾਰ ਦੇ ਪ੍ਰਸਿੱਧ 'ਅਜੂਬਿਆਂ' ਵਿਚੋਂ ਗਿਣਿਆ ਜਾਂਦਾ ਹੈ।

**ਦਸਵੰਧ** - ਗੁਰੂ ਰਾਮਦਾਸ ਜੀ ਨੇ ਬਾਹਰੋਂ ਉਗਰਾਹੀ ਲਿਆਉਣ ਵਾਸਤੇ ਮਸੰਦ ਥਾਪੇ ਸਨ। ਗੁਰੂ ਅਰਜਨ ਦੇਵ ਜੀ ਨੇ ਉਸ ਉਗਰਾਹੀ ਦੀ ਇਕ ਹੱਦ ਮਿਥ ਦਿੱਤੀ। ਸੰਗਤਾਂ ਨੂੰ ਹੁਕਮ ਦਿੱਤਾ ਕਿ ਹਰ ਸ਼ਰਧਾਲੂ ਸਿੱਖ ਆਪਣੀ ਖਾਲਸ ਬੱਚਤ ਵਿਚੋਂ ਦਸਵਾਂ ਹਿੱਸਾ ਗੁਰੂ ਕੀ ਗੋਲਕ

ਵਾਸਤੇ ਭੇਟਾ ਕਰੇ। ਏਸ ਹਿੱਸੇ ਵਾਸਤੇ ਸਿੱਖਾਂ ਵਿਚ ਅੱਜ ਤੱਕ ਸ਼ਬਦ 'ਦਸਵੰਧ' ਪ੍ਰਚਲਤ ਹੈ।

ਇਸ ਦਸਵੰਧ ਵਿਚੋਂ ਗੁਰੂ ਕਾ ਲੰਗਰ ਤੇ ਲੋਕ ਭਲਾਈ ਦੇ ਹੋਰ ਕਾਰਜ ਚਲਦੇ ਸਨ, ਲੋੜਵੰਦਾਂ ਦੀ ਮਾਲੀ ਸਹਾਇਤਾ ਵੀ ਕੀਤੀ ਜਾਂਦੀ ਸੀ। ਇਉਂ ਸਮਝੋ ਕਿ ਗੁਰੂ ਕੀ ਗੋਲਕ ਸਾਰੀ ਕੌਮ ਦਾ ਸਾਂਝਾ ਸਰਮਾਇਆ ਸੀ।

**ਤਰਨਤਾਰਨ** - ਅੰਮ੍ਰਿਤਸਰ ਦੇ ਹਾਲਾਤ ਠੀਕ ਹੋ ਗਏ ਤਾਂ ਗੁਰੂ ਮਹਾਰਾਜ ਨੇ ਇਲਾਕੇ ਵਿਚ ਦੌਰੇ ਕਰਨੇ ਸ਼ੁਰੂ ਕਰ ਦਿੱਤੇ। ਜਿੱਥੇ ਮਹਾਰਾਜ ਪੁਰਾਤਨ ਧਰਮ-ਅਸਥਾਨਾਂ ਦੀ ਸੇਵਾ ਕਰਾਉਂਦੇ, ਉਥੇ ਨਵੇਂ ਅਸਥਾਨ ਵੀ ਰਚਦੇ। ਸਤਾਰਾਂ ਵਿਸਾਖ, ਸੰਮਤ 1647 ਬਿ. ਨੂੰ ਮਹਾਰਾਜ ਨੇ 'ਤਰਨਤਾਰਨ' ਦੇ ਪਵਿੱਤਰ ਸਰੋਵਰ ਦਾ ਟੱਪਾ ਲਾਇਆ। ਇਹ ਸਰੋਵਰ ਕਾਫੀ ਵੱਡਾ ਹੈ। ਹਰਿਮੰਦਰ ਸਾਹਿਬ ਸਰੋਵਰ ਦੇ ਇਕ ਕਿਨਾਰੇ ਉਤੇ ਹੈ, ਅੰਮ੍ਰਿਤਸਰ ਵਾਂਗ ਵਿਚਕਾਰ ਨਹੀਂ।

ਸਰੋਵਰ ਤੋਂ ਥੋੜ੍ਹੀ ਵਿੱਥ ਉਤੇ ਗੁਰਦੇਵ ਨੇ ਕੋਹੜੀਆਂ ਦੇ ਰਹਿਣ ਵਾਸਤੇ ਇਕ ਨਿਵਾਸ-ਅਸਥਾਨ ਬਣਾਇਆ ਜਿਥੇ ਰੋਗੀਆਂ ਦੇ ਅੰਨ ਬਸਤਰ ਤੇ ਦਵਾ ਦਾਰੂ ਦਾ ਪ੍ਰਬੰਧ ਕੀਤਾ ਗਿਆ।

ਏਥੋਂ ਚੱਲ ਕੇ 'ਚੋਲ੍ਹਾ' ਆਦਿ ਨਗਰਾਂ ਵਿਚ ਦੀ ਸੰਗਤਾਂ ਨੂੰ ਤਾਰਦੇ ਹੋਏ, ਤੇ ਖਡੂਰ ਸਾਹਿਬ ਤੋਂ ਗੋਇੰਦਵਾਲ ਗੁਰਧਾਮਾਂ ਦੇ ਦਰਸ਼ਨ ਕਰਦੇ ਹੋਏ ਆਪ ਦੁਆਬੇ ਵਿਚ ਜਾ ਪਹੁੰਚੇ।

**ਕਰਤਾਰਪੁਰ ਵਸਾਇਆ** - ਗੁਰੂਦੇਵ ਡੱਲੇ ਨਗਰ ਵਿਚ ਠਹਿਰੇ ਹੋਏ ਸਨ। ਹਜੂਰ ਦੀ ਸੋਭਾ ਸੁਣ ਕੇ ਜਲੰਧਰ ਦਾ ਨਾਜ਼ਮ ਅਜ਼ੀਮ ਖਾਂ ਵੀ ਦਰਸ਼ਨ ਕਰਨ ਆਇਆ। ਮਹਾਰਾਜ ਦੇ ਸ਼ੁਭ ਵਿਚਾਰ ਸੁਣ ਕੇ ਉਹ ਬਹੁਤ ਪ੍ਰਭਾਵਿਤ ਹੋਇਆ। ਉਹਨੇ ਆਪਣੇ ਇਲਾਕੇ ਵਿਚ ਕੋਈ ਨਵਾਂ ਨਗਰ ਵਸਾਉਣ ਵਾਸਤੇ ਗੁਰੂ ਮਹਾਰਾਜ ਅੱਗੇ ਬੇਨਤੀ ਕੀਤੀ। ਉਸਦੀ ਸ਼ਰਧਾ ਵੇਖ ਕੇ ਗੁਰਦੇਵ ਨੇ 21 ਮੱਘਰ 1650 ਬਿ. ਨੂੰ ਇਸ ਨਗਰ ਦੀ ਨੀਂਹ ਧਰੀ। ਅਜ਼ੀਮ ਖਾਂ ਦੀ ਚਾਹ ਸੀ ਕਿ ਨਗਰ ਦਾ ਨਾਮ ਗੁਰੂ ਅਰਜਨ ਦੇਵ ਜੀ ਦੇ ਨਾਮ ਉਤੇ ਰੱਖਿਆ ਜਾਵੇ, ਪਰ ਕਰਤਾ-ਪੁਰਖ ਦੇ ਪੁਜਾਰੀ ਗੁਰਦੇਵ ਨੇ ਨਗਰ ਦਾ ਨਾਮ 'ਕਰਤਾਰਪੁਰ' ਰੱਖਿਆ। ਕੁਝ ਸਮਾਂ ਮਹਾਰਾਜ ਏਥੇ ਬਿਰਾਜੇ। ਹਜੂਰ ਤੋਂ ਪਿਛੋਂ ਛੇਵੇਂ, ਸੱਤਵੇਂ ਤੇ ਨੌਵੇਂ ਗੁਰੂ ਸਾਹਿਬ ਵੀ ਏਥੇ ਟਿਕਦੇ ਰਹੇ।

ਗੁਰੂ ਹਰਿਗੋਬਿੰਦ ਸਾਹਿਬ ਦੇ ਪੋਤਰੇ ਧੀਰਮੱਲ ਨੇ ਆਪਣੀ ਰਿਹਾਇਸ਼ ਏਥੇ ਹੀ ਰੱਖੀ। ਉਸਦੀ ਬੰਸ ਅਜੇ ਤੱਕ ਓਥੇ ਹੈ। ਗੁਰੂ ਅਰਜਨ ਦੇਵ ਜੀ ਨੇ ਜੋ ਬੀੜ ਲਿਖਵਾਈ ਸੀ, ਉਹ ਅਜੇ ਤੱਕ ਕਰਤਾਰਪੁਰ ਦੇ ਸੋਢੀਆਂ ਕੋਲ ਹੈ।

**ਛੇਹਰਟਾ ਸਾਹਿਬ** - ਉਸ ਸਮੇਂ ਮਾਝੇ ਵਿਚ ਨਹਿਰਾਂ ਨਹੀਂ ਸੀ। ਖੇਤੀ ਬਾਰਸ਼ ਉਤੇ ਹੀ ਨਿਰਭਰ ਕਰਦੀ ਸੀ ਜਾਂ ਕਿਤੇ ਕੋਈ ਪੁਜਦਾ ਜ਼ਿਮੀਦਾਰ ਖੂਹ ਲੁਆ ਲੈਂਦਾ ਸੀ। ਗੁਰਦੇਵ ਨੇ ਸਾਹਿਬਜ਼ਾਦੇ ਦੇ ਪ੍ਰਗਟ ਹੋਣ ਦੀ ਖੁਸ਼ੀ ਵਿਚ ਵਡਾਲੀ ਨਗਰ ਤੋਂ ਥੋੜ੍ਹੀ ਦੂਰ ਇਕ ਛੇਹਰਟਾ ਖੂਹ ਲੁਆਇਆ, ਜਿੱਥੇ ਅੱਜ-ਕਲ੍ਹ ਗੁਰਦੁਆਰਾ ਛੇਹਰਟਾ ਸਾਹਿਬ ਮੌਜੂਦ ਹੈ।

**ਲਾਹੌਰ ਵਿਚ** - ਗੁਰਦੇਵ ਨੇ ਕੁਝ ਹੋਰ ਅਸਥਾਨ ਵੀ ਬਣਵਾਏ। 1656 ਬਿ. ਵਿਚ ਆਪ ਕੁਝ ਸਮਾਂ ਲਾਹੌਰ ਰਹੇ। ਉਥੇ ਆਪ ਨੇ ਗੁਰੂ ਰਾਮਦਾਸ ਜੀ ਦਾ ਜਨਮ ਅਸਥਾਨ ਤੇ ਡੱਬੀ ਬਾਜ਼ਾਰ ਵਿਚ ਗੁਰਦੁਆਰਾ ਬਾਉਲੀ ਸਾਹਿਬ ਬਣਵਾਇਆ। ਵਾਪਸੀ ਸਮੇਂ ਪਿੰਡ ਸਹਿੰਸਰੇ ਵਿਚ ਮਹਾਰਾਜ ਨੇ ਗੁਰਦੁਆਰਾ 'ਗੁਰੂ ਕਾ ਬਾਗ' ਬਣਵਾਇਆ, ਜਿੱਥੇ ਅਕਾਲੀ ਲਹਿਰ ਸਮੇਂ ਬੜਾ ਪ੍ਰਸਿੱਧ ਮੋਰਚਾ ਲੱਗਾ ਰਿਹਾ।

**ਰਾਮਸਰ ਅੰਮ੍ਰਿਤਸਰ ਵਿਚ** - ਅੰਮ੍ਰਿਤਸਰ ਆ ਕੇ ਗੁਰਦੇਵ ਨੇ 1659-60 ਬਿ. ਵਿਚ 'ਰਾਮਸਰ' ਵਿਖੇ ਆਪ ਨੇ ਬਾਣੀ 'ਸੁਖਮਨੀ' ਸਾਹਿਬ ਉਚਾਰੀ ਤੇ ਆਦਿ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਵਾਈ।

**ਗੁਰੂ ਜੀ ਦੇ ਵਿਰੋਧੀ** - ਗੁਰੂ ਮਹਾਰਾਜ ਦੇ ਵਿਰੋਧੀ ਦੋ ਸ਼੍ਰੇਣੀਆਂ ਵਿਚ ਵੰਡੇ ਜਾ ਸਕਦੇ ਹਨ। ਇਕ ਸ਼੍ਰੇਣੀ ਜਾਤੀ ਦੁਸ਼ਮਣੀ ਵਾਲਿਆਂ ਦੀ ਸੀ, ਜਿਨ੍ਹਾਂ ਵਿਚੋਂ ਪ੍ਰਿਥੀਆ, ਮੇਹਰਬਾਨ ਤੇ ਚੰਦੂ ਮੋਹਰੀ ਸਨ। ਦੂਸਰੀ ਸ਼੍ਰੇਣੀ ਸੀ ਪੰਡਤਾਂ ਤੇ ਮੌਲਵੀਆਂ ਦੀ। ਉਹ ਧਾਰਮਿਕ ਤੁਅੱਸਬ ਕਰਕੇ ਗੁਰਦੇਵ ਦੇ ਦੁਸ਼ਮਣ ਬਣੇ ਹੋਏ ਸਨ। ਇਹ ਸਾਰੇ ਢੁੱਕਵੇਂ ਸਮੇਂ ਦੀ ਉਡੀਕ ਵਿਚ ਸਨ, ਜਦੋਂ ਉਹ ਗੁਰੂ ਜੀ ਤੋਂ ਬਦਲਾ ਲੈ ਸਕਣ।

**ਖ਼ੁਸਰੋ ਦੀ ਬਗ਼ਾਵਤ** - 13 ਅਕਤੂਬਰ 1605 ਈ. (ਅੱਸੂ 1662 ਬਿ.) ਨੂੰ ਅਕਬਰ ਮਰ ਗਿਆ ਤਾਂ ਉਹਦਾ ਪੁੱਤਰ ਜਹਾਂਗੀਰ ਤਖ਼ਤ ਤੇ ਬੈਠਾ। ਛੇ ਕੁ ਮਹੀਨੇ ਪਿੱਛੋਂ ਜਹਾਂਗੀਰ ਦੇ ਵੱਡੇ ਸਾਹਿਬਜ਼ਾਦੇ ਖ਼ੁਸਰੋ ਨੇ ਬਗ਼ਾਵਤ ਕਰ ਦਿੱਤੀ। ਆਪਣੇ ਸਾਥੀਆਂ ਸਮੇਂ ਉਹ ਪੰਜਾਬ ਵੱਲ ਵਧਿਆ, ਮਗਰੇ ਜਹਾਂਗੀਰ ਫ਼ੌਜ ਲੈ ਕੇ ਲੱਗ ਤੁਰਿਆ। ਖੁਸਰੋ ਦਾ ਇਰਾਦਾ ਲਾਹੌਰ ਉਤੇ ਕਬਜ਼ਾ ਕਰਕੇ ਕਿਲ੍ਹੇ ਵਿਚ ਬਹਿ ਕੇ ਟਾਕਰਾ ਕਰਨ ਦਾ ਸੀ। ਪਰ ਉਹ ਆਪਣੇ ਮਨੋਰਥ ਵਿਚ ਸਫ਼ਲ ਨਾ ਹੋ ਸਕਿਆ। ਕੁਝ ਭਰੋਸੇਯੋਗ ਸਾਥੀ ਨਾਲ ਲੈ ਕੇ ਖੁਸਰੋ ਕਾਬਲ ਵੱਲ ਨੂੰ ਨੱਸਿਆ ਪਰ ਝਨ੍ਹਾਂ ਪਾਰ ਕਰਨ ਲੱਗਿਆਂ ਉਹ ਪਕੜਿਆ ਗਿਆ। ਏਨੇ ਤੱਕ ਜਹਾਂਗੀਰ ਲਾਹੌਰ ਪੁੱਜ ਗਿਆ ਸੀ। ਖੁਸਰੋ ਤੇ ਉਸਦੇ ਸਾਥੀ ਕੈਦੀਆਂ ਦੀ ਹੈਸੀਅਤ ਵਿਚ ਲਾਹੌਰ ਲਿਆਂਦੇ ਗਏ। ਖ਼ੁਸਰੋ ਉਸਦਾ ਪੁੱਤਰ ਸੀ, ਇਸ ਕਰਕੇ ਉਸਨੂੰ ਨਜ਼ਰਬੰਦ ਰਖਿਆ ਗਿਆ, ਪਰ ਉਹਦੇ ਸਾਰੇ ਹੀ ਸਾਥੀ ਤਸੀਹੇ ਦੇ ਕੇ ਕਤਲ ਕਰ ਦਿੱਤੇ ਗਏ। ਹੁਸੈਨ ਬੇਗ ਤੇ ਅਬਦੁੱਲ ਅਜ਼ੀਜ਼ ਆਦਿ ਕੁਝ ਸਿਰ-ਕੱਢ ਸਾਥੀਆਂ ਨੂੰ ਖੋਤੇ ਤੇ ਗਊ ਦੇ ਕੱਚੇ ਚਮੜੇ ਵਿਚ ਮੜ੍ਹ ਕੇ ਮਾਰਿਆ ਗਿਆ। ਖ਼ੁਸਰੋ ਦਾ ਟਾਕਰਾ ਕਰਨ ਵਾਲਿਆਂ ਨੂੰ ਜਗੀਰਾਂ ਤੇ ਖ਼ਿਤਾਬ ਵੀ ਦਿੱਤੇ ਗਏ। ਸ਼ੇਖ ਫ਼ਰੀਦ ਬੁਖਾਰੀ ਨੂੰ ਮੁਰਤਜ਼ਾ ਖਾਨ ਦਾ ਖਿਤਾਬ ਦਿੱਤਾ ਗਿਆ।

**ਗੁਰੂ ਜੀ ਦੇ ਵਿਰੁੱਧ ਸ਼ਿਕਾਇਤ** - ਬਾਦਸ਼ਾਹ ਪਹਿਲੀ ਜ਼ੀਅਲ ਹੱਜ (20 ਮਾਰਚ ਤੋਂ 9 ਮੁਹੱਰਮ 1015 ਹਿਜਰੀ ਲਗਭਗ 27 ਅਪ੍ਰੈਲ 1605 ਈ.) ਤੱਕ 39 ਦਿਨ ਲਾਹੌਰ ਰਿਹਾ। ਉਹ ਲਾਹੌਰ ਤੋਂ ਤੁਰਨ ਵਾਲਾ ਸੀ ਜਾਂ ਉਸਦੇ ਸਾਹਮਣੇ ਗੁਰੂ ਅਰਜਨ ਦੇਵ ਜੀ ਦੇ ਵਿਰੁੱਧ

ਸ਼ਿਕਾਇਤ ਹੋਈ ਕਿ ਗੁਰੂ ਮਹਾਰਾਜ ਨੇ ਬਾਗ਼ੀ ਖੁਸਰੋ ਦੀ ਮੱਦਦ ਕੀਤੀ ਹੈ, ਜਹਾਂਗੀਰ ਨੇ ਓਸੇ ਵੇਲੇ ਗੁਰਦੇਵ ਜੀ ਦੀ ਗ੍ਰਿਫ਼ਤਾਰੀ ਦਾ ਹੁਕਮ ਦੇ ਦਿੱਤਾ।

**ਜਹਾਂਗੀਰ ਦਾ ਹੁਕਮ** - ਜਹਾਂਗੀਰ ਨਵਾਂ-ਨਵਾਂ ਤਖ਼ਤ ਤੇ ਬੈਠਾ ਸੀ। ਉਹ ਕੱਟੜ ਮੁਲਾਣਿਆਂ ਨੂੰ ਖੁਸ਼ ਕਰਨ ਵਾਸਤੇ ਗ਼ੈਰ-ਮੁਸਲਮਾਨ ਉਤੇ ਵੱਧ ਤੋਂ ਵੱਧ ਜ਼ੁਲਮ ਕਰਨਾ ਚਾਹੁੰਦਾ ਸੀ ਕਿ ਉਹ ਪੱਕਾ ਮੁਸਲਮਾਨ ਤੇ ਇਸਲਾਮ ਦਾ ਵਫ਼ਾਦਾਰ ਹੈ। ਇੱਕੋ ਕਿਸਮ ਦੀ ਸ਼ਿਕਾਇਤ ਬਦਲੇ ਮੁਸਲਮਾਨ ਤੇ ਗ਼ੈਰ-ਮੁਸਲਮਾਨ ਨੂੰ ਉਹ ਵੱਖ-ਵੱਖ ਸਜ਼ਾ ਦੇਂਦਾ ਹੈ। ਮਿਸਾਲ ਵਜੋਂ ਗੁਰੂ ਅਰਜਨ ਦੇਵ ਜੀ ਤੇ ਖ਼ਵਾਜਾ ਨਜ਼ਾਮੁੱਦੀਨ ਥਾਨੇਸਰੀ ਦੀ ਕਹਾਣੀ ਸਾਡੇ ਸਾਹਮਣੇ ਹੈ।

ਖ਼ਵਾਜਾ ਨਜ਼ਾਮੁੱਦੀਨ ਥਾਨੇਸਰੀ ਬਾਗ਼ੀ ਖੁਸਰੋ ਨੂੰ ਮਿਲਿਆ ਤੇ ਉਹਨੇ ਸ਼ਾਹਜ਼ਾਦੇ ਦੇ ਹੱਕ ਵਿਚ ਦੁਆ ਕੀਤੀ। ਬਾਦਸ਼ਾਹ ਨੂੰ ਪਤਾ ਲੱਗਾ ਤਾਂ ਖ਼ਵਾਜਾ ਨੂੰ ਪਕੜ ਮੰਗਵਾਇਆ ਗਿਆ। ਬਾਦਸ਼ਾਹ ਆਪ ਮੰਨਦਾ ਹੈ ਕਿ ਮੈਂ ਉਸਨੂੰ ਸਫ਼ਰ ਖਰਚ ਦੇ ਕੇ ਮੱਕੇ ਦੇ ਹੱਜ ਨੂੰ ਤੋਰ ਦਿੱਤਾ। ਭਾਵ ਜਿਸ ਸ਼ਿਕਾਇਤ ਬਦਲੇ ਇਕ ਮੁਸਲਮਾਨ ਫ਼ਕੀਰ ਨੂੰ ਸਿਰਫ਼ ਭਾਰਤ ਵਿਚੋਂ ਕੱਢ ਦੇਣਾ ਹੀ ਕਾਫੀ ਸਮਝਿਆ, ਓਸੇ ਸ਼ਿਕਾਇਤ ਬਦਲੇ ਗੁਰੂ ਅਰਜਨ ਦੇਵ ਜੀ ਨੂੰ ਮੌਤ ਦੀ ਸਜ਼ਾ ਦਿੱਤੀ ਗਈ। ਇਹ ਹੈ, 'ਜਹਾਂਗੀਰੀ ਇਨਸਾਫ਼' ਜਿਸਦੀ ਕੁਛ ਲੋਕ ਦੁਹਾਈ ਦੇਂਦੇ ਨਹੀਂ ਥੱਕਦੇ।

**ਗੁਰੂ ਜੀ ਦਾ ਅਸਲੀ ਕਾਤਲ ਕੌਣ?** - ਅਧੂਰੀ ਖੋਜ ਦੇ ਕਾਰਨ, ਕੁਝ ਲੋਕ ਕੇਵਲ ਚੰਦੂ ਨੂੰ ਹੀ ਗੁਨਾਹਗਾਰ ਮੰਨਦੇ ਹਨ। ਇਹ ਮੰਨਣਯੋਗ ਗੱਲ ਹੈ ਕਿ ਗੁਰਦੇਵ ਦੇ ਵਿਰੁੱਧ ਸ਼ਿਕਾਇਤ ਕਰਨ ਵਾਲਿਆਂ ਵਿਚ ਚੰਦੂ ਮੋਹਰੀ ਹੋਵੇਗਾ। ਸ਼ਿਕਾਇਤ ਕਰਨ ਵਾਲੇ ਹੋ ਸਕਦੇ ਹਨ, ਮੌਲਵੀ, ਪੰਡਤ, ਪ੍ਰਿਥੀਆ ਤੇ ਚੰਦੂ। ਸਰਕਾਰੀ ਕਰਮਚਾਰੀ ਹੋਣ ਕਰਕੇ ਚੰਦੂ ਦਾ ਅਸਰ ਵਧੇਰੇ ਹੋ ਸਕਦਾ ਹੈ। ਗੁਰਦੇਵ ਨੂੰ ਤਸੀਹੇ ਦੇਣ ਵਿਚ ਵੀ ਚੰਦੂ ਦਾ ਹੱਥ ਹੈ ਪਰ ਇਹ ਸਭ ਕੁਝ ਹੁੰਦਿਆਂ ਹੋਇਆਂ ਜਹਾਂਗੀਰ ਇਸ ਪਾਪ ਤੋਂ ਬਰੀ ਨਹੀਂ ਹੋ ਸਕਦਾ। ਉਸਦੀ ਆਪਣੀ ਲਿਖਤ ਉਹਦੇ ਵਿਰੁੱਧ ਸਭ ਤੋਂ ਵੱਡੀ ਗਵਾਹੀ ਹੈ।

'ਤੁਜ਼ਕਿ ਜਹਾਂਗੀਰੀ' ਵਿਚ ਜਹਾਂਗੀਰ ਆਪ ਲਿਖਦਾ ਹੈ – 'ਦਰਿਆ ਬਿਆਸ ਦੇ ਕਿਨਾਰੇ, ਗੋਇੰਦਵਾਲ ਵਿਚ ਪੀਰਾਂ ਤੇ ਬਜ਼ੁਰਗਾਂ ਦੇ ਭੇਸ ਵਿਚ (ਗੁਰੂ) ਅਰਜਨ ਨਾਮ ਦਾ ਇਕ ਹਿੰਦੂ ਰਹਿੰਦਾ ਸੀ। ਉਸਨੇ ਬਹੁਤ ਸਾਰੇ ਹਿੰਦੂਆਂ, ਸਗੋਂ ਮੂਰਖ ਤੇ ਬੇਸਮਝ ਮੁਸਲਮਾਨਾਂ ਨੂੰ ਵੀ ਆਪਣੀ ਰਹਿਤ ਤੇ ਤਰੀਕਿਆਂ ਦਾ ਸ਼ਰਧਾਲੂ ਬਣਾ ਕੇ ਆਪਣੀ ਬਜ਼ੁਰਗੀ ਤੇ ਪੀਰੀ ਦਾ ਢੋਲ ਬਹੁਤ ਉਚਾ ਵਜਾਇਆ ਹੋਇਆ ਸੀ। ਲੋਕ ਉਸਨੂੰ ਗੁਰੂ ਕਹਿੰਦੇ ਸਨ। ਸਭ ਪਾਸਿਆਂ ਤੋਂ ਫਰੇਬੀ ਤੇ ਠੱਗੀ ਪਸੰਦ ਲੋਕ ਉਸ ਪਾਸ ਆਉਂਦੇ ਤੇ ਉਸ ਉਤੇ ਪੂਰਨ ਭਰੋਸਾ ਪ੍ਰਗਟ ਕਰਦੇ। ਤਿੰਨ ਚਾਰ ਪੀੜ੍ਹੀਆਂ ਤੋਂ ਉਨ੍ਹਾਂ ਦੀ ਇਹ ਦੁਕਾਨ ਗਰਮ ਸੀ। (ਚੱਲ ਰਹੀ ਸੀ) ਢੇਰ ਚਿਰ ਤੋਂ ਮੇਰੇ ਦਿਲ ਵਿਚ ਇਹ ਖਿਆਲ ਆ ਰਿਹਾ ਸੀ, ਇਸ ਝੂਠ ਦੀ ਦੁਕਾਨ ਨੂੰ ਬੰਦ ਕਰ ਦੇਣਾ ਚਾਹੀਦਾ ਹੈ ਜਾਂ ਉਸ ਨੂੰ (ਗੁਰੂ ਨੂੰ) ਮੁਸਲਮਾਨਾਂ ਦੇ ਮਜ਼ਬ ਵਿਚ ਲੈ ਆਉਣਾ ਚਾਹੀਦਾ ਹੈ। ਇਨ੍ਹਾਂ ਦਿਨਾਂ ਵਿਚ ਹੀ ਖੁਸਰੋ ਦਰਿਆ ਪਾਰ ਹੋਇਆ। ਇਸ ਜਾਹਿਲ ਆਦਮੀ ਨੇ ਇਰਾਦਾ ਕੀਤਾ, ਉਹ ਉਸਦੇ ਨੇੜੇ ਰਹੇ। ਇਹ ਉਸਨੂੰ ਮਿਲਿਆ ਤੇ ਕੇਸਰ ਦੀ ਉਕ ਉਂਗਲੀ ਉਸਦੇ ਮੱਥੇ ਤੇ ਲਾਈ ਜਿਸਨੂੰ ਹਿੰਦੂ ਲੋਕ ਤਿਲਕ ਲਾਉਣਾ ਕਹਿੰਦੇ ਹਨ ਤੇ ਇਸਨੂੰ ਚੰਗਾ ਸ਼ਗਨ ਮੰਨਦੇ ਹਨ। ਮੈਂ ਹੁਕਮ ਦਿੱਤਾ ਕਿ ਉਸ ਦਾ ਮਾਲ ਅਸਬਾਬ ਜ਼ਬਤ ਕੀਤਾ ਜਾਵੇ ਤੇ ਉਸਨੂੰ ਯਾਸਾ ਦੇ ਕਾਨੂੰਨ ਅਧੀਨ ਸਜ਼ਾ ਦਿੱਤੀ ਜਾਵੇ ਇਸਨੂੰ ਡਰਾਉਣ-ਧਮਕਾਉਣ ਤੇ ਤਸੀਹੇ ਦੇ ਕੇ ਕਤਲ ਕਰਨ ਦਾ ਹੁਕਮ ਦਿੱਤਾ ਤੇ ਮੁਰਤਜਾ ਖਾਨ ਨੂੰ ਇਸ 'ਤੇ ਛੇਤੀ ਅਮਲ ਕਰਨ ਲਈ ਕਿਹਾ ਇਸ ਲਿਖਤ ਦੇ ਹੁੰਦਿਆਂ ਕੌਣ ਕਹਿ ਸਕਦਾ ਹੈ ਕਿ ਜਹਾਂਗੀਰ ਨਿਰਦੋਸ਼ ਹੈ। ਆਪਣਾ ਧਰਮ ਨਿਭਾਉਂਦੇ ਹੋਏ ਗੁਰੂ ਅਰਜਨ ਦੇਵ ਜੀ ਸ਼ੁਕਰਵਾਰ, ਜੇਠ ਸੁਦੀ ਚਾਰ, ਦੋ ਹਾੜ 1663 ਬਿ. (30 ਮਈ, 1606 ਈ.) ਨੂੰ ਸ਼ਹੀਦੀ ਪ੍ਰਾਪਤ ਕਰ ਗਏ।

ਆਪ 18 ਸਾਲ 4 ਮਹੀਨੇ, 14 ਦਿਨ ਦੀ ਉਮਰ ਵਿਚ ਗੁਰਗੱਦੀ ਉਤੇ ਬੈਠੇ ਸਨ। 24 ਸਾਲ 9 ਮਹੀਨੇ ਗੁਰਿਆਈ ਕਰਕੇ, ਜੇਠ ਸੁਦੀ ਚਾਰ ਨੂੰ ਆਪ ਲਾਹੌਰ ਵਿਚ ਸ਼ਹੀਦ ਹੋਏ।


● ● ●


**ਹਜ਼ਾਰਾਂ ਹੱਥਾਂ ਦੀਆਂ ਤਾੜੀਆਂ ਮਾਇਨੇ ਨਹੀਂ ਰੱਖਦੀਆਂ, ਮਾਇਨੇ ਰੱਖਦਾ ਹੈ ਉਹ ਹੱਥ ਜੋ ਮੁਸੀਬਤ ਵੇਲੇ ਤੁਹਾਡੇ ਮੋਢੇ ਤੇ ਹੁੰਦਾ ਹੈ।**

**ਪ੍ਰਕਾਸ਼ ਗੁਰਪੁਰਬ ਤੇ ਵਿਸ਼ੇਸ਼**

# ਪ੍ਰਕਾਸ਼ ਗੁਰਪੁਰਬ ਗੁਰੂ ਅਮਰਦਾਸ ਜੀ


ਸ੍ਰੀ ਗੁਰੂ ਅਮਰਦਾਸ ਜੀ ਦਾ ਪ੍ਰਕਾਸ਼, ਸ੍ਰੀ ਤੇਜ ਭਾਨ ਜੀ ਭੱਲੇ ਖਤਰੀ ਦੇ ਘਰ ਮਾਤਾ ਲੱਖਮੀ (ਸੁਲੱਖਣੀ) ਜੀ ਦੀ ਕੁੱਖ ਤੋਂ ਮਿਤੀ 27 ਵਿਸਾਖ ਸੰਮਤ 1536 ਬਿਕਰਮੀ 1479ਈ. (ਵਿਸਾਖੀ ਸੁਦੀ ਚੌਦਸ) ਦਿਨ ਸ਼ੁੱਕਰਵਾਰ ਨੂੰ ਪਿੰਡ ਬਾਸਰਕੇ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ।





ਸ੍ਰੀ ਗੁਰੂ ਅਮਰਦਾਸ ਜੀ ਦੇ ਤਿੰਨ ਹੋਰ ਛੋਟੇ ਭਰਾ ਸਨ, ਈਸ਼ਰ ਦਾਸ (ਭਾਈ ਗੁਰਦਾਸ ਜੀ ਦੇ ਪਿਤਾ), ਖੇਮ ਰਾਇ ਅਤੇ ਮਾਨਕ ਚੰਦ। ਗੁਰੂ ਅਮਰਦਾਸ ਜੀ ਗੁਰੂ ਨਾਨਕ ਦੇਵ ਜੀ ਤੋਂ 10 ਸਾਲ ਛੋਟੇ ਤਾਂ ਗੁਰੂ ਅੰਗਦ ਦੇਵ ਜੀ ਤੋਂ 25 ਸਾਲ ਵੱਡੇ ਸਨ। ਗੁਰੂ ਅਮਰਦਾਸ ਜੀ ਆਪਣੇ ਪਿਤਾ ਵਾਂਗ ਇਕਾਦਸ਼ੀ ਦਾ ਵਰਤ ਰੱਖਦੇ ਸੀ ਅਤੇ ਪਿੰਡ ਵਿੱਚ ਆਏ ਸਾਧੂ ਸੰਤਾਂ ਦੀ ਸੇਵਾ ਕਰਕੇ ਬਹੁਤ ਖੁਸ਼ ਹੁੰਦੇ ਸਨ। ਆਪ ਹਰ ਸਾਲ ਗੰਗਾ ਇਸ਼ਨਾਨ ਵਾਸਤੇ ਵੀ ਜਾਇਆ ਕਰਦੇ ਸਨ। ਇਹ ਯਾਤਰਾ ਕਰਦੇ ਇਕ ਵਾਰ ਆਪ ਅੰਬਾਲਾ ਨੇੜੇ ਕਿਸੇ ਥਾਂ 'ਤੇ ਠਹਿਰੇ ਤਾਂ ਇਕ ਸਾਥੀ ਪੰਡਿਤ ਨੇ ਪੁਛਿਆ ਕੁ ਤੁਹਾਡਾ ਗੁਰੂ ਕੌਣ ਹੈ? ਇਹ ਦੱਸਣ ਤੇ ਕਿ ਉਨ੍ਹਾਂ ਨੇ ਅਜੇ ਕੋਈ ਗੁਰੂ ਨਹੀਂ ਧਾਰਿਆ, ਪੰਡਿਤ ਨੇ ਸਾਥ ਛੱਡਦਿਆਂ ਕਿਹਾ 'ਨਿਗੁਰੇ' ਦਾ ਤਾਂ ਦਰਸ਼ਨ ਵੀ ਮਾੜਾ ਹੁੰਦਾ ਹੈ। ਉਸ ਦਿਨ ਤੋਂ ਆਪ ਜੀ ਦੇ ਮਨ ਵਿੱਚ ਗੁਰੂ ਦੀ ਖਿੱਚ ਪੈਦਾ ਹੋ ਗਈ।


**ਇੰਜੀਨੀਅਰ**
**ਪਰਮਿੰਦਰਜੀਤ ਸਿੰਘ**
**99153-57524**

ਸ੍ਰੀ ਗੁਰੂ ਅਮਰਦਾਸ ਜੀ ਦਾ ਵਿਆਹ ਪਿੰਡ ਸੁਨਖਤਰਾ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਦੇਵੀ ਚੰਦ ਬਹਿਲ ਦੀ ਸਪੁੱਤਰੀ ਰਾਮ ਦੇਈ ਜੀ ਨਾਲ 1502 ਈ. 'ਚ ਹੋਇਆ। ਆਪ ਜੀ ਦੇ ਦੋ ਪੁੱਤਰ ਸਨ (ਮੋਹਨ ਤੇ ਮੋਹਰੀ ਜੀ) ਤੇ ਦੋ ਪੁੱਤਰੀਆਂ (ਬੀਬੀ ਦਾਨੀ ਤੇ ਬੀਬੀ ਭਾਨੀ ਜੀ) ਸਨ। ਗੁਰੂ ਅਮਰਦਾਸ ਜੀ ਸੱਚੇ-ਸੁੱਚੇ ਕਾਰੋਬਾਰੀ ਤੇ ਸਫਲ ਗ੍ਰਹਿਸਥੀ ਹੋਣ ਦੇ ਨਾਲ ਭਜਨ-ਬੰਦਗੀ, ਸਤਿਸੰਗ ਤੇ ਪਰਮਾਰਥ ਨਾਲ ਡੂੰਘੀ ਲਗਨ ਰੱਖਦੇ ਸਨ।

ਬੀਬੀ ਅਮਰੋ ਜੀ ਜੋ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ ਸਨ, ਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਭਰਾ ਦੇ ਬੇਟੇ ਨਾਲ ਵਿਆਹੀ ਹੋਈ ਸੀ, ਜੋ ਕਿ ਬਹੁਤ ਹੀ ਧਾਰਮਿਕ ਖਿਆਲਾਂ ਵਾਲੀ ਸੀ। ਨੇਮ ਅਨੁਸਾਰ ਇਕ ਦਿਨ ਬੀਬੀ ਅਮਰੋ ਜੀ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਨ ਉਪ੍ਰੰਤ ਦੁੱਧ ਰਿੜਕ ਰਹੇ ਸਨ ਤੇ ਨਾਲ ਹੀ ਮਿਠੀ ਸੁਰ ਵਿੱਚ ਗੁਰਬਾਣੀ ਦਾ ਪਾਠ ਕਰ ਰਹੇ ਸਨ। ਜਿਸ ਸਮੇਂ ਹੇਠ ਲਿਖੀਆਂ ਗੁਰਬਾਣੀ ਦੀਆਂ ਪੰਗਤੀਆਂ ਦਾ ਉਚਾਰਣ ਕਰ ਰਹੇ ਸਨ :

**ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ ॥**
**ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ ॥**

**(ਅੰਗ 990)**

ਉਸ ਸਮੇਂ ਗੁਰੂ ਅਮਰਦਾਸ ਜੀ ਦਾ ਧਿਆਨ ਉਨ੍ਹਾਂ ਪੰਗਤੀਆਂ ਵੱਲ ਗਿਆ ਤਾਂ ਉਨ੍ਹਾਂ ਦਾ ਮਨ ਸ਼ਾਂਤੀ ਮਹਿਸੂਸ ਕਰਨ ਲੱਗਾ, ਉਹ ਇਕ ਪਾਸੇ

ਬੈਠ ਕੇ ਪਾਠ ਸੁਣਨ ਲੱਗ ਪਏ। ਜਦੋਂ ਬੀਬੀ ਜੀ ਨੇ ਦੁੱਧ ਰਿੜਕ ਲਿਆ, ਤਾਂ ਗੁਰੂ ਜੀ ਨੇ ਪੁਛਿਆ, "ਪੁੱਤਰੀ। ਇਹ ਕਿਸ ਦੀ ਬਾਣੀ ਪੜ੍ਹਦੀ ਹੈ?" ਉਸ ਨੇ ਉੱਤਰ ਦਿੱਤਾ, "ਇਹ ਪਰਮ ਪਵਿੱਤਰ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੈ, ਜਿਨ੍ਹਾਂ ਦੀ ਗੱਦੀ ਤੇ ਇਸ ਵੇਲੇ ਮੇਰੇ ਪਿਤਾ ਜੀ (ਸ੍ਰੀ ਗੁਰੂ ਅੰਗਦ ਦੇਵ ਜੀ) ਬਿਰਾਜਮਾਨ ਹਨ।" ਇਹ ਉੱਤਰ ਸੁਣ ਕੇ ਮੰਨ ਵਿੱਚ ਦਰਸ਼ਨਾਂ ਦੀ ਤਾਂਘ ਉਠੀ। ਬੀਬੀ ਅਮਰੋ ਤੋਂ ਪਾਠ ਸੁਣਨਾ ਕੁਦਰਤ ਨੇ ਗੁਰੂ ਮਿਲਾਪ ਦਾ ਇਸ ਤਰ੍ਹਾਂ ਵਸੀਲਾ ਬਣਾ ਦਿੱਤਾ। ਬੀਬੀ ਅਮਰੋ ਨੂੰ ਆਪਣੇ ਪਿਤਾ ਜੀ ਨੂੰ ਮਿਲਾਉਣ ਲਈ ਕਿਹਾ। ਬੀਬੀ ਅਮਰੋ ਨੂੰ ਨਾਲ ਲੈ ਕੇ ਗੁਰੂ ਅਮਰਦਾਸ ਜੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਣ ਕਰਨ ਲਈ ਖਡੂਰ ਸਾਹਿਬ ਪਹੁੰਚੇ। ਜਦੋਂ ਸ੍ਰੀ ਗੁਰੂ ਅਮਰਦਾਸ ਜੀ, ਗੁਰੂ ਅੰਗਦ ਦੇਵ ਜੀ ਨੂੰ ਮਿਲੇ ਤਾਂ "ਦਰਸ਼ਨ ਭੇਟਤ ਹੋਤ ਨਿਹਾਲਾ" ਦੇ ਵਾਕ ਅਨੁਸਾਰ ਦਰਸ਼ਨ ਕਰਕੇ ਗੱਦ ਗੱਦ ਹੋ ਗਏ। ਆਪ ਜੀ ਨੇ ਬੇਨਤੀ ਕਿ ਸੱਚੇ ਪਾਤਸ਼ਾਹ ਮੈਨੂੰ ਆਪਣੇ ਚਰਨਾਂ 'ਚ ਬੈਠਣ ਤੇ ਸੰਗਤਾਂ ਦੀ ਸੇਵਾ ਦਾ ਸੁਭਾਗ ਬਖਸ਼ੋ। ਗੁਰੂ ਅੰਗਦ ਦੇਵ ਜੀ ਨੇ ਉਨ੍ਹਾਂ ਦੀ ਬੇਨਤੀ ਪ੍ਰਵਾਨ ਕਰ ਲਈ।

ਸਿੱਖ ਧਰਮ ਵਿੱਚ ਗੁਰੂ ਤੇ ਸੰਗਤ ਦੀ ਸੇਵਾ ਨੂੰ ਰੱਬ ਦੀ ਪ੍ਰਾਪਤੀ ਤੇ ਸ਼ਕਤੀ ਸਾਧਨ ਮੰਨਿਆ ਗਿਆ ਹੈ। ਇਸ ਨਾਲ ਮੰਨ ਨੀਵਾਂ ਤੇ ਮੱਤ ਉੱਚੀ ਹੁੰਦੀ ਹੈ। ਪੁਰਾਤਨ ਸਮੇਂ ਅਨੁਸਾਰ ਸੇਵਾ ਨੂੰ ਨੀਚ ਤੇ ਸ਼ੂਦਰ ਜਾਤੀਆਂ ਦਾ ਕੰਮ ਸਮਝਿਆ ਜਾਂਦਾ ਸੀ। ਗੁਰੂ ਅਮਰਦਾਸ ਜੀ ਨੇ 12 ਵਰ੍ਹੇ ਲਗਾਤਾਰ ਖਡੂਰ ਸਾਹਿਬ ਵਿੱਚ ਗੁਰੂ ਅੰਗਦ ਦੇਵ ਜੀ ਨੂੰ ਬਿਆਸ ਨਦੀ ਤੋਂ ਰੋਜ਼ਾਨਾ ਜਲ ਲਿਆ ਕੇ ਇਸ਼ਨਾਨ ਕਰਵਾਉਣ, ਦਿਨੇ, ਰਾਤ ਲੰਗਰ ਦੀ ਸੇਵਾ ਕਰਨ, ਝਾੜੂ ਦੇਣ, ਭਾਂਡੇ ਮਾਂਜਣ ਤੇ ਪ੍ਰਸ਼ਾਦਾ ਤਿਆਰ ਕਰਕੇ ਸੰਗਤਾਂ ਨੂੰ ਛਕਾਉਣ ਦੀ ਅਤਿ ਕਠਿਨ ਸੇਵਾ ਕੀਤੀ।

ਸ੍ਰੀ ਗੁਰੂ ਅਮਰਦਾਸ ਜੀ ਦੇ ਚੰਗੇ ਗੁਣਾਂ, ਨਿਸ਼ਕਾਮ ਤੇ ਅਦੁਤੀ ਸੇਵਾ ਕਰਨ ਤੇ ਬੇਹੱਦ ਪ੍ਰਸੰਨ ਸਨ। ਇੱਕ ਦਿਨ ਪਿਆਰ 'ਚ ਆਏ ਗੁਰੂ ਅੰਗਦ ਦੇਵ ਜੀ ਨੇ ਆਪਣੇ ਹਜ਼ੂਰੀ ਸੇਵਕਾਂ ਨੂੰ ਕਿਹਾ, ਕਿ ਜਾਉ ਸ੍ਰੀ ਅਮਰਦਾਸ ਜੀ ਨੂੰ ਨਵੇਂ ਬਸਤਰ ਪਹਿਨਾ ਕੇ ਲੈ ਆਓ। ਗੁਰੂ ਜੀ ਨੇ ਦੀਵਾਨ ਵਿੱਚ ਸ੍ਰੀ ਅਮਰਦਾਸ ਜੀ ਨੂੰ ਚੌਂਕੀ 'ਤੇ ਬਿਠਾ ਕੇ ਬਾਬਾ ਬੁੱਢਾ ਜੀ ਦੇ ਹੱਥੋਂ ਉਨ੍ਹਾਂ ਨੂੰ ਗੁਰਿਆਈ ਦਾ ਤਿਲਕ ਲਗਵਾਇਆ, ਪੰਜ ਪੈਸੇ ਤੇ ਨਾਰੀਅਲ ਰੱਖ ਕੇ ਆਪ ਮੱਥਾ ਟੇਕਿਆ ਤੇ ਪ੍ਰਕਰਮਾਂ ਕੀਤੀਆਂ ਅਤੇ ਬਚਨ ਕੀਤੇ ਕਿ ਇਨ੍ਹਾਂ ਦੀ ਅਦੁੱਤੀ ਘਾਲਣਾ ਥਾਂਏ ਪਈ ਹੈ। ਗੁਰੂ ਅੰਗਦ ਦੇਵ ਜੀ ਦੇ ਆਪਣੇ ਦੋ ਪੁੱਤਰ ਦਾਤੂ ਤੇ ਦਾਸੂ ਸਨ ਪਰ ਗੱਦੀ ਉਨ੍ਹਾਂ ਨੂੰ ਨਹੀਂ ਦਿੱਤੀ ਪਰ ਇਹ ਮਾਣ ਗੁਰੂ ਅਮਰਦਾਸ ਜੀ ਨੂੰ ਬਖਸ਼ਿਆ ਤੇ ਕਿਹਾ ਕਿ ਗੁਰੂ ਅਮਰਦਾਸ ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ, ਨਿਆਸਰਿਆਂ ਦਾ ਆਸਰਾ, ਨਿਗੱਤਿਆਂ ਦੀ ਗੱਤ, ਨਿਪੱਤਿਆਂ ਦੀ ਪੱਤ ਆਦਿ।

● ● ●


ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.),

ਸੈਕਟਰ 30-ਏ, ਚੰਡੀਗੜ੍ਹ ਦੀ ਸਮੂਹ ਮੈਨੇਜਮੈਂਟ

ਵੱਲੋਂ

ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਸਾਹਿਬ ਮਹਾਰਾਜ ਜੀ ਦੀ ਸ਼ਹਾਦਤ ਨੂੰ ਕੋਟਿਨ-ਕੋਟਿ ਪ੍ਰਣਾਮ !



ਸ. ਭਗਵਾਨ ਸਿੰਘ ਲੁਬਾਣਾ
ਪ੍ਰਧਾਨ

# ਡਿਠੇ ਸਭੇ ਥਾਵ ਨਹੀਂ ਤੁਧੁ ਜੇਹਿਆ॥
# ਬਧੋਹੁ ਪੁਰਖਿ ਬਿਧਾਤੈ ਤਾਂ ਤੂੰ ਸੋਹਿਆ॥ (ਅੰਗ 1362)

ਮੈਂ ਸਾਰੀਆਂ ਥਾਵਾਂ ਦੇਖੀਆਂ ਹਨ, ਪ੍ਰੰਤੂ ਤੇਰੇ ਵਰਗੀ ਕੋਈ ਭੀ ਨਹੀਂ। ਖੁਦ ਹੀ ਸਿਰਜਣਹਾਰ ਸੁਆਮੀ ਨੇ ਤੈਨੂੰ ਕਾਇਮ ਕੀਤਾ ਹੈ, ਏਸੇ ਲਈ ਹੀ ਤੂੰ ਸੁੰਦਰ ਹੈ।

ਅਕਸਰ ਹਜ਼ੂਰੀ ਰਾਗੀ ਭਾਈ ਗੋਪਾਲ ਸਿੰਘ ਅਤੇ ਹੋਰ ਰਾਗੀ ਸਿੰਘਾਂ ਪਾਸੋਂ ਹਮੇਸ਼ਾ ਸਿੱਖ ਸੰਗਤਾਂ ਨੇ ਸੁਣਿਆ ਹੋਵੇਗਾ ਅਤੇ ਸੁਣਦੀਆਂ ਰਹਿਣਗੀਆਂ। ਦੁਨੀਆਂ ਭਰ ਦਾ ਹਰ ਸਿੱਖ ਹਰ ਰੋਜ਼ ਆਪਣੇ ਮੁਖਾਬਿੰਦ ਤੋਂ ਅਰਦਾਸ ਕਰਦਾ ਜਾਂ ਸੁਣਦਾ ਹੈ ਕਿ 'ਨਨਕਾਣਾ ਸਾਹਿਬ ਅਤੇ ਹੋਰ ਗੁਰਧਾਮਾਂ ਜਿਹਨਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ ਖੁਲ੍ਹੇ ਦਰਸ਼ਨ ਦੀਦਾਰ ਅਤੇ ਸੇਵਾ ਸੰਭਾਲ ਪਿਆਰੇ ਖ਼ਾਲਸਾ ਜੀ ਨੂੰ ਬਖਸ਼ੋ' ਵਿਸਾਖੀ ਅਪ੍ਰੈਲ 2025 ਦੇ ਦਿਨ ਨੂੰ ਸੰਗਤ ਰੂਪ ਵਿਚ ਪਾਕਿਸਤਾਨ ਵਿਚ ਮੌਜੂਦ ਗੁਰੂ ਘਰਾਂ ਵਿਚ ਮਨਾਉਣ ਲਈ ਦਾਸ ਉੱਪਰ ਵੀ ਉਸ ਅਕਾਲ ਪੁਰਖ ਦੀ ਬਖਸ਼ਿਸ਼ ਹੋਈ। ਸਮੇਤ ਗੁਰੂ ਘਰਾਂ ਦੀ ਸੰਖੇਪ ਹਿਸਟਰੀ ਆਦਿ ਨੂੰ ਆਪ ਜੀ ਦੇ ਸਾਹਮਣੇ ਪੇਸ਼ ਕਰਨ ਦੀ ਨਿਮਾਣੀ ਜਿਹੀ ਕੋਸ਼ਿਸ਼ ਕਰ ਰਿਹਾ ਹਾਂ।

**ਸਤਿਗੁਰੂ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥**
**ਜਿਉ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥**

**ਭਾਈ ਗੁਰਦਾਸ ਜੀ ਵਾਰ 1 ਪਉੜੀ 2**

ਗੁਰਦੁਆਰਾ ਜਨਮ ਅਸਥਾਨ (ਗੁਰੂ ਨਾਨਕ ਦੇਵ ਜੀ) ਇਕ ਵਿਸ਼ਾਲ ਗੁੰਬਦ ਵਾਲਾ ਗੁਰਦੁਆਰਾ ਸਾਹਿਬ ਮਹਾਰਾਜਾ ਰਣਜੀਤ ਸਿੰਘ ਜੀ ਵੱਲੋਂ 1819-20 ਈ. ਦਰਮਿਆਨ ਬਣਾਇਆ ਗਿਆ। ਇਤਿਹਾਸਕ ਤੌਰ 'ਤੇ ਇਹ ਗੁਰੂ ਘਰ ਗੁਰੂ ਨਾਨਕ ਦੇਵ ਜੀ ਦੇ ਸਪੁੱਤਰ ਸ੍ਰੀ ਲਛਮੀ ਦਾਸ ਜੀ ਨੇ ਖੁਦ ਬਣਵਾਇਆ ਸੀ।

**ਪ੍ਰਿੰਸੀਪਲ**
**ਪ੍ਰੀਤ ਮਹਿੰਦਰ ਪਾਲ ਸਿੰਘ**
**(ਸੇਵਾ ਮੁਕਤ)**



ਜਨਮ ਅਸਥਾਨ ਗੁਰਦੁਆਰਾ ਪਹਿਲਾ ਉਦਾਸੀਆ (ਸੰਪਰਦਾਇ) ਪਾਸ ਸੀ। ਫਿਰ ਹਿੰਦੂ ਮਹੰਤਾਂ ਪਾਸ ਚਲਾ ਗਿਆ। 21 ਫਰਵਰੀ 1921 ਨੂੰ ਮਹੰਤਾਂ ਨੇ ਗੁਰਦੁਆਰੇ ਇਕੱਠੇ ਹੋਏ ਸਿੱਖਾਂ ਉੱਪਰ ਗੋਲੀਆਂ ਚਲਾਈਆਂ। ਅਨੇਕਾਂ ਸਿੱਖ ਸ਼ਹੀਦ ਹੋਏ। ਹਿੰਦੂ ਮਹੰਤ ਨਰੈਣੂ ਨੇ ਇਕ ਜੰਡ ਦੇ ਦਰੱਖਤ ਨਾਲ ਭਾਈ ਲਛਮਣ ਸਿੰਘ ਨੂੰ ਪੁੱਠਾ ਲਟਕਾ ਕੇ ਜਲਾ ਦਿੱਤਾ ਸੀ। ਜੋ ਜਗ੍ਹਾ ਅਜੇ ਵੀ ਕਾਇਮ ਹੈ।

ਗੁਰੂ ਸਾਹਿਬ ਜੀ ਦਾ ਪਰਿਵਾਰਕ ਖੂਹ **'ਖੂਹ ਬੇਬੇ ਨਾਨਕੀ'** ਵਜੋਂ ਜਾਣਿਆ ਜਾਂਦਾ ਹੈ ਜੋ ਅਜੇ ਵੀ ਉਥੇ ਸਥਿਤ ਹੈ। ਜਨਮ ਅਸਥਾਨ ਤੋਂ ਥੋੜ੍ਹੀ ਦੂਰੀ ਤੇ **ਗੁਰਦੁਆਰਾ ਬਾਲ-ਲੀਲਾ ਸਾਹਿਬ** ਹੈ ਜਿਥੇ ਬਚਪਨ ਦੇ ਖੇਡ ਮੈਦਾਨ ਦੀ ਨਿਸ਼ਾਨਦੇਹੀ ਹੁੰਦੀ ਹੈ।

**ਗੁਰਦੁਆਰਾ ਪੱਟੀ ਸਾਹਿਬ** - ਜਿੱਥੇ ਗੁਰੂ ਸਾਹਿਬ ਨੂੰ ਪੜ੍ਹਨ ਲਈ ਭੇਜਿਆ ਗਿਆ।

**ਗੁਰਦੁਆਰਾ ਕਿਆਰਾ ਸਾਹਿਬ** - ਇਥੇ ਗੁਰੂ ਜੀ ਨੇ ਮੱਝਾਂ ਚਰਾਈਆਂ ਤੇ ਇਕ ਕਿਸਾਨ ਦੀ ਖੇਤੀ ਦਾ ਨੁਕਸਾਨ ਹੋਇਆ ਅਤੇ ਪਿਤਾ ਪਾਸੋਂ ਸਜ਼ਾ ਵੀ ਕਬੂਲੀ।

**ਗੁਰਦੁਆਰਾ ਤੰਬੂ ਸਾਹਿਬ** - ਇਹ ਉਹ ਅਸਥਾਨ ਹੈ ਜਿੱਥੇ ਗੁਰੂ ਸਾਹਿਬ ਨੇ ਪਿਤਾ ਵੱਲੋਂ 20 ਰੁਪਏ ਦਾ ਸੱਚਾ ਸੌਦਾ ਕਰਨ ਉਪਰੰਤ ਆ ਕੇ ਭਾਈ ਮਰਦਾਨੇ ਨਾਲ ਆਰਾਮ ਕੀਤਾ।

**ਗੁਰਦੁਆਰਾ ਮਾਲ ਜੀ ਸਾਹਿਬ** - ਜਨਮ ਅਸਥਾਨ ਤੋਂ ਕੋਈ 20 ਮਿੰਟ ਦੀ ਦੂਰੀ ਤੇ ਇਹ ਗੁਰੂ ਘਰ ਸਥਿਤ ਹੈ ਜਿੱਥੇ ਗੁਰੂ ਜੀ ਮੱਝਾਂ ਚਰਾਉਣ ਸਮੇਂ ਸੌਂ ਗਏ। ਜਦੋਂ ਸੂਰਜ ਦਾ ਪ੍ਰਕਾਸ਼ ਤੇਜ਼ ਹੋਇਆ ਤਾਂ ਇਕ ਸੱਪ ਨੇ ਗੁਰੂ ਜੀ ਦੇ ਮੁਖਾਰਬਿੰਦ ਤੇ ਆਪਣੇ ਫ਼ਨ ਨਾਲ ਛਾ ਕਰ ਰੱਖੀ। ਇਥੋਂ ਨਜ਼ਦੀਕੀ ਉੱਪਰ ਹੀ ਰਾਏ ਬੁਲਾਰ ਦੀ ਮਜ਼ਾਰ ਵੀ ਸਥਿਤ ਹੈ, ਜਿਸ ਨੇ ਆਪਣੀ ਜ਼ਮੀਨ ਵਿਚੋਂ 17500 ਏਕੜ ਜ਼ਮੀਨ ਗੁਰੂ ਸਾਹਿਬ ਜੀ ਦੇ ਨਾਮ ਕਰਵਾ ਦਿੱਤੀ ਜੋ ਅਜੇ ਵੀ ਉਹਨਾਂ ਦੇ ਨਾਮ ਉੱਤੇ ਬੋਲਦੀ ਹੈ।

**ਗੁਰਦੁਆਰਾ ਸੱਚਾ ਸੌਦਾ, ਫਾਰੂਕਾਬਾਦ** - ਇਹ ਗੁਰੂ ਘਰ ਜ਼ਿਲ੍ਹਾ ਸ਼ੇਖੂਪਰਾ ਵਿਚ ਸਥਿਤ ਹੈ ਜੋ ਨਨਕਾਣਾ ਸਾਹਿਬ ਤੋਂ ਕੋਈ 23 ਕੁ ਕਿਲੋਮੀਟਰ ਹੈ। ਜਿਥੇ ਗੁਰੂ ਜੀ ਨੇ ਪਿਤਾ ਪਾਸੋਂ ਮਿਲੇ 20 ਰੁਪਏ ਦਾ ਸੱਚਾ ਸੌਦਾ ਕਰਿਆ ਸੀ।

ਲਾਹੌਰ ਜੀ.ਟੀ. ਰੋਡ ਤੋਂ ਗੁਜਰਾਂਵਾਲਾ ਦੇ ਨੇੜੇ ਐਮਨਾਬਾਦ ਇਕ ਬਹੁਤ ਹੀ ਪ੍ਰਸਿੱਧ ਅਤੇ ਇਤਿਹਾਸਕ ਕਸਬਾ ਹੈ। ਇਥੇ ਇਕ **ਗੁਰਦੁਆਰਾ ਰੋੜੀ ਸਾਹਿਬ** ਸਥਿਤ ਹੈ। ਜਦੋਂ ਮੁਗਲ ਬਾਦਸ਼ਾਹ ਬਾਬਰ ਫ਼ੌਜਾਂ ਸਮੇਤ ਪੰਜਾਬ (ਜੋ ਪਾਕਿਸਤਾਨ ਵਿਚ ਹੈ) ਵੜਿਆ ਤਾਂ ਉਸ ਨੇ ਗੁਰੂ ਨਾਨਕ ਦੇਵ ਜੀ ਨੂੰ

ਬੰਦੀ ਬਣਾ ਲਿਆ। ਉਸ ਸਮੇਂ ਗੁਰੂ ਜੀ ਰੋੜਾਂ ਦੀ ਸੇਜ ਤੇ ਬੈਠੇ ਤਪ ਕਰ ਰਹੇ ਸਨ।

ਇਤਿਹਾਸਕਾਰਾਂ ਦੱਸਿਆ ਕਿ ਸਵੇਰੇ ਜਦੋਂ ਗੁਰੂ ਜੀ ਨੇ ਬਾਣੀ ਦੇ ਸ਼ਬਦ ਦਾ ਉਚਾਰਣ ਕੀਤਾ ਤਾਂ ਅਧਿਕਾਰੀਆਂ ਨੇ ਬਾਬਰ ਨੂੰ ਜਾ ਦੱਸਿਆ। ਜਦੋਂ ਬਾਬਰ ਨੇ ਅੱਖੀਂ ਵੇਖਿਆ ਅਤੇ ਸੁਣਿਆ ਤਾਂ ਉਸ ਨੇ ਗੁਰੂ ਜੀ ਨੂੰ ਸਮੇਤ ਬਾਕੀ ਕੈਦੀ ਰਿਹਾ ਕਰ ਦਿੱਤਾ ਜਿੱਥੇ ਇਹ ਗੁਰੂ ਘਰ ਸਥਿਤ ਹੈ। ਇਸੇ ਜਗ੍ਹਾ ਦੋ ਗੁਰੂ ਘਰ ਹੋਰ ਵੀ ਸਥਿਤ ਹਨ।

**ਗੁਰਦੁਆਰਾ ਚੱਕੀ ਸਾਹਿਬ** - ਜਦੋਂ ਬਾਬਰ ਵੱਲੋਂ ਚੱਕੀ ਪੀਸਣ ਲਈ ਗੁਰੂ ਜੀ ਨੂੰ ਕਿਹਾ ਤਾਂ ਇਥੇ ਵੀ ਚੱਕੀ ਆਪੇ ਹੀ ਚੱਲੀ ਜਿਸ ਦੀ ਇਤਲਾਹ ਅਧਿਕਾਰੀਆਂ ਰਾਹੀਂ ਬਾਬਰ ਪਾਸ ਪਹੁੰਚੀ।

**ਗੁਰਦੁਆਰਾ ਭਾਈ ਲਾਲੋ ਦੀ ਖੂਹੀ** - ਇਥੇ ਗੁਰੂ ਜੀ ਨੇ ਨੈਤਿਕ ਕਮਾਈ ਬਾਰੇ ਇਕ ਡੂੰਘਾ ਸੰਦੇਸ਼ ਦਿੱਤਾ। ਇਹ ਚੋਜ ਕੀ ਹੈ ਮਲਿਕ ਭਾਗੋ ਦੀ ਮੱਖਣ ਵਾਲੀ ਰੋਟੀ ਵਿਚੋਂ ਖ਼ੂਨ ਅਤੇ ਭਾਈ ਲਾਲੋ ਵਾਲੀ ਰੋਟੀ ਵਿਚੋਂ ਦੁੱਧ ਨਿਕਲਿਆ। ਇਹ ਦੋਨੋਂ ਗੁਰੂ ਘਰ ਕਸਬੇ ਦੀਆਂ ਤੰਗ ਗਲੀਆਂ ਵਿਚ ਸਥਿਤ ਹਨ। ਸਕਿਉਰਿਟੀ ਨੂੰ ਮੁੱਖ ਰੱਖਦੇ ਸੰਗਤਾਂ ਨੂੰ ਦਰਸ਼ਨ ਨਹੀਂ ਕਰਵਾਏ ਗਏ।

ਹਸਨ ਅਬਦਲ, ਉੱਤਰੀ ਪੰਜਾਬ, ਪਾਕਿਸਤਾਨ ਦਾ ਇਕ ਪ੍ਰਸਿੱਧ ਇਤਿਹਾਸਕ ਨਗਰ ਹੈ। ਇਹ ਰਾਵਲਪਿੰਡੀ ਤੋਂ ਪਿਸ਼ਾਵਰ ਜਾਂਦਿਆਂ 40 ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ। ਗੁਰਦੁਆਰਾ ਪੰਜਾ ਸਾਹਿਬ ਇਥੇ ਹੀ ਸਥਿਤ ਹੈ। ਗੁਰੂ ਜੀ 1521 ਈ. ਵਿਚ ਭਾਈ ਮਰਦਾਨੇ ਨਾਲ ਇਥੇ ਪਹੁੰਚੇ ਅਤੇ ਪਿੱਪਲ ਦੀ ਸੰਘਣੀ ਛਾਂ ਵਾਲੇ ਦਰੱਖ਼ਤ ਹੇਠ ਆਰਾਮ ਕਰਨ ਲਈ ਬੈਠ ਗਏ ਜਿਥੇ ਗੁਰੂ ਜੀ ਨੇ ਪਹਾੜੀ ਤੋਂ ਆਉਂਦਾ ਇਕ ਭਾਰੀ ਪੱਥਰ ਰੋਕਿਆ। ਪਾਣੀ ਦੀ ਲੋੜ ਪੂਰੀ ਕਰਨ ਲਈ ਗੁਰੂ ਜੀ ਨੇ ਇਥੋਂ ਇਕ ਛੋਟਾ ਜਿਹਾ ਪੱਥਰ ਚੁੱਕਿਆ ਤੇ ਪਾਣੀ ਆਪ ਮੁਹਾਰੇ ਵਗ ਤੁਰਿਆ। ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਦੌਰਾਨ ਸ. ਹਰੀ ਸਿੰਘ ਨਲਵਾ ਨੇ ਇਥੇ ਗੁਰਦੁਆਰਾ ਪੰਜਾ ਸਾਹਿਬ ਦੀ ਉਸਾਰੀ ਕਰਵਾਈ। ਜਿਥੇ ਹਰ ਸਾਲ ਵਿਸਾਖੀ ਦਾ ਭਰਵਾਂ ਮੇਲਾ ਲੱਗਦਾ ਹੈ। ਦੇਸ਼ਾਂ-ਵਿਦੇਸ਼ਾਂ ਤੋਂ ਸੰਗਤਾਂ ਆਦਿ ਨਤਮਸਤਕ ਹੁੰਦੀਆਂ ਹਨ।

ਗੁਰਦੁਆਰਾ ਪੰਜਾ ਸਾਹਿਬ ਦੇ ਨੇੜੇ ਇਕ ਪਹਾੜੀ ਤੇ ਸੂਫ਼ੀ ਬਾਬਾ ਹਸਨ ਅਬਦਲ ਦਾ ਹੁਜਰਾ ਹੈ ਜਿਸ ਨੂੰ ਵਲੀ ਕੰਧਾਰੀ ਦੇ ਨਾਂ ਨਾਲ ਵੀ ਸੱਦਦੇ ਹਨ। ਸੰਗਤਾਂ ਸਕਿਉਰਿਟੀ ਦੀ ਮੱਦਦ ਨਾਲ ਇਸ ਪਹਾੜੀ ਉੱਪਰ ਸਥਿਤ ਹੁਜਰਾ ਦੇ ਦਰਸ਼ਨ ਵੀ ਕਰਦੀਆਂ ਹਨ।

**ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ** - ਪੰਜਾਬ (ਪਾਕਿਸਤਾਨ) ਦੇ ਜ਼ਿਲ੍ਹਾ ਨਾਰੋਵਾਲ 'ਚੋਂ ਭਾਰਤ-ਪਾਕਿ ਸੀਮਾ ਤੋਂ ਕੁਝ ਕੁ ਕਿਲੋਮੀਟਰ ਦੀ ਦੂਰੀ 'ਤੇ ਹੈ। ਜਿੱਥੇ ਹਰ ਰੋਜ਼ ਪੰਜਾਬ (ਭਾਰਤ) ਦੀਆਂ ਸੰਗਤਾਂ ਦਰਸ਼ਨਾਂ ਲਈ ਆਉਂਦੀਆਂ ਹਨ। ਇਥੇ ਗੁਰੂ ਜੀ ਨੇ ਆਪਣੇ ਜ਼ਿੰਦਗੀ ਦੇ ਆਖ਼ਰੀ 18 ਵਰ੍ਹੇ ਬਤੀਤ ਕੀਤੇ ਭਾਵ ਖੇਤੀ ਕੀਤੀ ਅਤੇ 27 ਸਤੰਬਰ 1529 ਈ. ਨੂੰ ਜੋਤੀ ਜੋਤ ਸਮਾਏ। ਇਸ ਅਸਥਾਨ ਉੱਪਰ ਗੁਰੂ ਜੀ ਦੀ ਇਕ ਸਮਾਧ ਅਤੇ ਇਕ ਕਬਰ ਦੋਨੋਂ ਮੌਜੂਦ ਹਨ। ਇਥੇ ਹੀ ਦੂਜੀ ਪਾਤਸ਼ਾਹੀ ਗੁਰੂ ਅੰਗਦ ਦੇਵ ਜੀ ਨੂੰ ਗੁਰਗੱਦੀ ਬਖ਼ਸ਼ ਕੇ ਲਹਿਣੇ ਤੋਂ ਅੰਗਦ ਕੀਤਾ।

ਲਾਹੌਰ ਪਾਕਿਸਤਾਨ ਦੇ ਸੂਬਾ ਪੰਜਾਬ ਦੀ ਰਾਜਧਾਨੀ ਹੈ।

**ਗੁਰਦੁਆਰਾ ਡੇਰਾ ਸਾਹਿਬ** - ਇਹ ਉਸ ਸਥਾਨ ਦੀ ਨਿਸ਼ਾਨਦੇਹੀ ਕਰਦਾ ਜਿਥੇ ਪੰਜਵੀਂ ਪਾਤਸ਼ਾਹੀ ਗੁਰੂ ਅਰਜਨ ਦੇਵ ਜੀ, ਚੰਦੂ ਦੁਆਰਾ ਅੱਤਿਆਚਾਰ ਸਹਿਣ ਤੋਂ ਬਾਅਦ 30 ਮਈ 1606 ਈ. ਨੂੰ ਰਾਵੀ ਦਰਿਆ ਦੇ ਕੰਢੇ ਸ਼ਹੀਦ ਹੋਏ ਸਨ। ਥੜਾ ਸਾਹਿਬ ਦੀ ਸਥਾਪਨਾ ਗੁਰੂ ਹਰੋਗਬਿੰਦ ਸਾਹਿਬ ਜੀ ਨੇ ਕਰਵਾਈ। ਬਾਅਦ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਗੁਰਦੁਆਰੇ ਦੀ ਇਕ ਛੋਟੀ ਇਮਾਰਤ ਬਣਵਾਈ। ਇਥੇ ਨਾਲ ਹੀ ਮਹਾਰਾਜਾ ਰਣਜੀਤ ਸਿੰਘ ਦਾ ਕਿਲਾ ਵੀ ਸਥਿਤ ਹੈ ਜੋ ਉਹਨਾਂ ਦੇ ਪੁੱਤਰਾਂ ਦਆਰਾ ਬਣਵਾਇਆ ਗਿਆ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਉਹਨਾਂ ਵੱਲੋਂ ਵਰਤੇ ਗਏ ਹਥਿਆਰ ਅਤੇ ਇਕ ਘੋਜੀ ਆਦਿ ਇਥੇ ਮੌਜੂਦ ਹਨ।

**ਜਨਮ ਅਸਥਾਨ ਗੁਰੂ ਰਾਮਦਾਸ ਜੀ** (**ਚੂਨਾ ਮੰਡੀ**)

**ਸੋਢੀ ਸ੍ਰਿਸਟਿ ਸਕਲ ਤਾਰਣ ਕਉ**

**ਅਬ ਗੁਰ ਰਾਮ ਦਾਸ ਕਉ ਮਿਲੀ ਬਡਾਈ॥**

ਚੂਨਾ ਮੰਡੀ ਵਿਚ ਇਹ ਗੁਰੂ ਘਰ ਸਥਿਤ ਹੈ ਜਿਥੇ ਗੁਰੂ ਰਾਮਦਾਸ ਜੀ ਦਾ ਜਨਮ ਹੋਇਆ। ਜੀਵਨ ਦੇ ਪਹਿਲੇ 7 ਵਰ੍ਹੇ ਉਹਨਾਂ ਇਥੇ ਹੀ ਗੁਜਾਰੇ। ਇਸੇ ਅਸਥਾਨ ਦੇ ਨਜ਼ਦੀਕ ਇਕ ਗੁਰੂ ਘਰ ਹੋਰ ਮੌਜੂਦ ਹੈ ਜਿਥੇ ਉਹਨਾਂ ਸਿੰਘਣੀਆਂ ਦੀ ਯਾਦ ਆਉਂਦੀ ਜਿਹਨਾਂ ਨੇ ਆਪਣੇ ਬੱਚਿਆਂ ਦੇ ਟੋਟੇ ਆਪਣੇ ਗਲਾਂ ਵਿਚ ਪਵਾ ਕੇ ਸਵਾ ਸਵਾ ਮਣ ਪੀਸਣ ਪੀਸਿਆ। ਪਰ ਸਿੱਖੀ ਸਿਦਕ ਤੋਂ ਨਹੀਂ ਡੋਲੀਆਂ। **ਭਾਈ ਤਾਰੂ ਸਿੰਘ ਜੀ ਸ਼ਹੀਦ** ਜੀ ਦਾ ਗੁਰੂ ਘਰ ਵੀ ਇਸੇ ਅਸਥਾਨਾਂ ਦੇ ਨਜ਼ਦੀਕ ਹੈ ਜਿਸ ਦੇ ਸੰਗਤਾਂ ਦਰਸ਼ਨ ਨਹੀਂ ਕਰ ਸਕੀਆਂ ਕਿਉਂਕਿ ਗੁਰੂ ਘਰ ਦਾ ਕੇਸ ਕੋਰਟ ਵਿਚ ਚੱਲ ਰਿਹਾ ਹੈ। ਲਾਹੌਰ ਸ਼ਹਿਰ ਵਿਚ ਹੀ ਸੂਫ਼ੀ ਫ਼ਕੀਰ ਸਾਂਈ ਮੀਆਂ ਮੀਰ ਜੀ ਦੀ ਮਜਾਰ ਵੀ ਮੌਜੂਦ ਹੈ ਜਿਥੇ ਸੰਗਤਾਂ ਘੱਟ ਹੀ ਜਾਂਦੀਆਂ ਹਨ। 10 ਦਿਨ ਦੀ ਯਾਤਰਾ ਦੌਰਾਨ ਜਿਥੇ ਸੰਗਤਾਂ ਨੇ ਗੁਰੂ ਘਰ ਦੇ ਦਰਸ਼ਨ ਕੀਤੇ ਉਸ ਧਰਤੀ ਨੂੰ ਵੀ ਸਿਜਦਾ ਕੀਤਾ ਜਿਥੇ ਸਾਡੇ ਪਿਉ ਦਾਦਿਆਂ ਨੇ ਜਨਮ ਲਿਆ ਤੇ ਸਰਕਾਰਾਂ ਦੀ ਭੇਟ ਚੜ੍ਹ ਉਜੜ ਕੇ ਭਾਰਤ ਵਿਚ ਆ ਵਸੇ ਅਤੇ ਆਪਣੀ-ਆਪਣੀ ਜੀਵਨ ਯਾਤਰਾ ਮੁੱਢ ਤੋਂ ਸ਼ੁਰੂ ਕੀਤੀ।

● ● ●

# ਅਪ੍ਰੈਲ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ

## ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:) ਸੈਕਟਰ 30-ਏ, ਚੰਡੀਗੜ੍ਹ



**ਹਰਮਨਪ੍ਰੀਤ ਸਿੰਘ ਮੁਲਤਾਨੀ,**
**ਜਨਰਲ ਸਕੱਤਰ**

ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ,

।। ਵਾਹਿਗੁਰੂ ਜੀ ਕਾ ਖਾਲਸਾ।।

।। ਵਾਹਿਗੁਰੂ ਜੀ ਕੀ ਫਤਹਿ।।

1. **ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ** - ਅਪ੍ਰੈਲ 2025 ਮਹੀਨੇ ਸੰਬੰਧੀ ਫਾਊਂਡੇਸ਼ਨ ਦੇ ਆਮਦਨ ਤੇ ਖਰਚੇ ਦਾ ਕੁੱਲ ਵੇਰਵਾ ਜੋ ਕਿ ਸ: ਸੁਰਜੀਤ ਸਿੰਘ, ਵਿੱਤ ਸਕੱਤਰ ਵਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਮੁਤਾਬਿਕ ਹੈ:-

ਅਪ੍ਰੈਲ ਮਹੀਨੇ ਦੀ ਕੁੱਲ ਆਮਦਨ- 4,05,979/-ਰੁਪਏ

ਅਪ੍ਰੈਲ ਮਹੀਨੇ ਦਾ ਕੁੱਲ ਖਰਚਾ - 8,77,792.87/-ਰੁਪਏ

ਭਾਈ ਮਨੀ ਸਿੰਘ ਬਲਾਕ ਦੀ ਪੁਰਾਣੀ ਬਿਲਡਿੰਗ ਦੀ ਹਾਲਤ ਕਾਫ਼ੀ ਖਰਾਬ ਹੋਣ ਕਰਕੇ ਟਾਇਲਿੰਗ ਦਾ ਕੰਮ ਅਤੇ ਹੋਰ ਬਹੁਤ ਸਾਰੇ ਕੰਮ ਕਰਵਾਨੇ ਜਰੂਰੀ ਹੋ ਗਏ ਸਨ। ਇਸ ਦੇ ਇਲਾਵਾ ਕੰਨਕਰੀਟ ਪਾਰਕਿੰਗ ਦਾ ਕੰਮ ਕਰਾਨਾ ਸਰਕਾਰੀ ਤੌਰ ਤੇ ਲਾਜ਼ਮੀ ਸੀ। ਇਸ ਕਰਕੇ ਇਸ ਮਹੀਨੇ ਜ਼ਰੂਰਤਾਂ ਦੇ ਮੁਤਾਬਿਕ ਅਧਿਕ ਖਰਚਾ ਕਰਨ ਦੀ ਲੋੜ ਪੈਦਾ ਹੋ ਗਈ।

2. **ਅਪ੍ਰੈਲ ਮਹੀਨੇ ਦੀ ਸੰਗਰਾਂਦ ਬਾਰੇ** - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਗੁਰੂ ਘਰ ਵਿਖੇ ਮਿਤੀ 13.04.2025 ਨੂੰ ਵੈਸਾਖ ਮਹੀਨੇ ਦੀ ਸੰਗਰਾਂਦ ਬੜੇ ਹੀ ਸ਼ਰਧਾ ਅਤੇ ਪ੍ਰੇਮ ਭਾਵ ਨਾਲ ਮਨਾਈ ਗਈ। ਇਸ ਸੰਗਰਾਂਦ ਦੀ ਸੇਵਾ ਫ਼ਾਉਂਡੇਸ਼ਨ ਵਲੋਂ ਕੀਤੀ ਗਈ। ਇਸ ਮੌਕੇ ਤੇ ਸਤਿਕਾਰਯੋਗ ਕੀਰਤਨੀ ਜਥੇ ਨੇ ਬਹੁਤ ਹੀ ਮਨੋਹਰ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਤੇ ਸੰਗਤਾਂ ਨੇ ਆਪਣੀ ਹਾਜ਼ਰੀ ਭਰੀ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਸੀਨੀ. ਮੀਤ ਪ੍ਰਧਾਨ (ਹੈ.ਕੁ.), ਲੈਕਚਰਾਰ ਗੁਲਸ਼ਨ ਕੁਮਾਰ ਸਿੰਘ ਜੀ ਨੇ ਇਸ ਮੌਕੇ ਤੇ ਆਈਆਂ ਹੋਈਆਂ ਸੰਗਤਾਂ ਦਾ ਧੰਨਵਾਦ ਕੀਤਾ।

3. **ਡੈਂਟਲ ਕਲੀਨਿਕ ਦੀ ਰਿਪੋਰਟ** - ਲੁਬਾਣਾ ਭਵਨ ਵਿਖੇ ਡੈਂਟਲ ਕਲੀਨਿਕ ਦਾ ਕੰਮ ਡਾ. ਅਕਸ਼ੇ ਠਾਕੁਰ (M.D.S.) ਚੰਗੇ ਢੰਗ ਨਾਲ ਸੰਭਾਲ ਰਹੇ ਹਨ ਅਤੇ ਵੱਡੀ ਗਿਣਤੀ ਦੇ ਵਿੱਚ ਮਰੀਜ਼ ਡੈਂਟਲ ਦੀਆਂ ਸੇਵਾਵਾਂ ਦਾ ਲਾਭ ਲੈ ਰਹੇ ਹਨ।

4. **ਮੈਰਿਟ ਕਮ ਮੀਨਜ਼ ਸਕਾਲਰਸ਼ਿਪ** - ਇਸ ਵਿਸ਼ੇ ਦੇ ਸੰਬੰਧ ਵਿਚ ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਉਂਡੇਸ਼ਨ (ਰਜਿ.), ਚੰਡੀਗੜ੍ਹ ਵਲੋਂ ਇਕ ਕਮੇਟੀ ਬਣਾਈ ਗਈ ਜਿਸ ਦੀ ਮੀਟਿੰਗ ਕਰਕੇ ਸਾਰੇ ਬਿਨੈ-ਪੱਤਰਾਂ ਦੀ ਪੜਤਾਲ ਕੀਤੀ ਗਈ ਅਤੇ ਜੋ ਬਿਨੈ-ਪੱਤਰ ਸੰਪੂਰਨ ਪਾਏ ਗਏ ਉਹਨਾਂ ਨੂੰ ਪਹਿਲੀ ਸ਼ਿਫ਼ਟ ਵਿਚ ਸਕਾਲਰਸ਼ਿਪ ਦੀ ਰਾਸ਼ੀ ਦੀ ਅਦਾਇਗੀ ਕਰ ਦਿੱਤੀ ਗਈ। ਇਸ ਸੰਸਥਾ ਦੇ ਉਦੇਸ਼ਾਂ ਨੂੰ ਮੁੱਖ ਰੱਖਦੇ ਹੋਏ ਇਹ ਸਕੀਮ ਨਿਰੰਤਰ ਜਾਰੀ ਰਹੇਗੀ ਅਤੇ ਲੋੜਵੰਦ ਬੱਚਿਆਂ ਨੂੰ ਆਉਣ ਵਾਲੇ ਸਮੇਂ ਵਿਚ ਬਣਦੀ ਹੋਈ ਮਾਲੀ ਮਦਦ ਕੀਤੀ ਜਾਏਗੀ।

5. **ਐਨ.ਓ.ਸੀ. ਸੰਬੰਧੀ** - ਇਸ ਵਿਸ਼ੇ ਨੂੰ ਜਲਦੀ ਮੁਕੰਮਲ ਕਰਨ ਲਈ ਬਿਲਡਿੰਗ ਬਰਾਂਚ, ਚੰਡੀਗੜ੍ਹ ਵੱਲੋ ਦੋ ਅਫ਼ਸਰ ਮਿਤੀ 24 ਅਪ੍ਰੈਲ 2025 ਨੂੰ ਇਸ ਭਵਨ ਵਿਚ ਭੇਜੇ ਗਏ ਅਤੇ ਉਹਨਾਂ ਨੇ ਇਸ ਸੰਸਥਾ ਦੇ ਸਾਰੇ ਏਰੀਆ ਦਾ ਮੁਆਇਨਾ ਕੀਤਾ। ਉਹਨਾਂ ਦੀਆਂ ਹਦਾਇਤਾਂ ਨੂੰ ਪੂਰਾ ਕਰਨ ਲਈ ਪਿਛਲੀ ਮੈਨੇਜਮੈਂਟ ਵਲੋਂ 6 ਕੰਨਕਰੀਟ ਪਿੱਲਰ ਜੋ ਕਿ ਭਾਈ ਲੱਖੀ ਸ਼ਾਹ ਬਲਾਕ ਵਿਚ ਬਣਾਏ ਗਏ ਸਨ ਅਤੇ ਜ਼ੋਨਲ ਪਲਾਨ ਦੇ ਵਿਰੁੱਧ ਸਨ, ਉਹਨਾਂ ਨੂੰ ਢਾਹ ਦਿੱਤਾ ਗਿਆ ਤਾਂ ਕਿ ਚੰਡੀਗੜ੍ਹ, ਇਸਟੇਟ ਆਫ਼ਿਸ ਵਲੋਂ ਹੋਣ ਵਾਲੇ ਵੱਡੇ ਜੁਰਮਾਨੇ ਤੋ ਆਪਣੇ ਭਵਨ ਨੂੰ ਬਚਾਇਆ ਜਾ ਸਕੇ। ਇਸ ਦੇ ਇਲਾਵਾ ਐਨ.ਓ.ਸੀ. ਹਾਸਲ

ਕਰਨ ਲਈ ਸਰਕਾਰੀ ਹਦਾਇਤਾਂ ਦੇ ਮੁਤਾਬਕ ਭਵਨ ਦੇ ਵਿਚ ਮੌਜੂਦ ਗਰੀਨ ਪਾਰਕਿੰਗ ਏਰੀਏ (Green Parking Area) ਨੂੰ ਪੱਕਾ ਪਾਰਕਿੰਗ (Concrete Parking) ਵਿਚ ਤਬਦੀਲ ਕਰਨ ਲਈ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ।

**6. ਏ.ਸੀ ਪਲਾਂਟ ਦੀ ਮੁਰੰਮਤ** - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਚ ਮੌਜੂਦਾ ਏ.ਸੀ. ਪਲਾਂਟ ਵਿਚ ਆਈਆਂ ਖਰਾਬੀਆਂ ਨੂੰ ਦੂਰ ਕਰਨ ਲਈ ਪੂਰਾ ਯਤਨ ਕੀਤਾ ਜਾ ਰਿਹਾ ਹੈ। ਇਸ ਦੇ ਲਈ ਇਕ ਕਮੇਟੀ ਦਾ ਗਠਨ ਕੀਤਾ ਗਿਆ ਹੈ ਅਤੇ ਏ.ਸੀ. ਪਲਾਂਟ ਦੇ ਮਾਹਿਰ ਕਾਰੀਗਰਾਂ ਦੁਆਰਾ ਰਿਪੇਅਰ ਦਾ ਕੰਮ ਪੂਰੇ ਜ਼ੋਰ ਨਾਲ ਸ਼ੁਰੂ ਕਰ ਦਿੱਤਾ ਗਿਆ ਹੈ।

**7. ਭਾਈ ਮਨੀ ਸਿੰਘ ਬਲਾਕ ਦੀ ਮੁਰੰਮਤ ਬਾਰੇ** - ਇਸ ਬਿਲਡਿੰਗ ਦੇ ਸਾਰੇ ਕੋਰੀਡਰਾਂ ਦੇ ਵਿਚ ਟਾਇਲਾਂ ਦਾ ਕੰਮ ਮੁਕੰਮਲ ਕਰ ਲਿਆ ਗਿਆ ਅਤੇ ਸਾਰੇ ਗੈਸਟ ਰੂਮਾਂ ਦੇ ਅੰਦਰ ਅਤੇ ਬਾਹਰ ਡਿਸਟੈਂਪਰ ਦਾ ਕੰਮ ਵੀ ਖਤਮ ਕਰ ਲਿਆ ਗਿਆ ਹੈ। ਇਸ ਦੇ ਇਲਾਵਾ ਸਾਰੇ ਦਰਵਾਜ਼ੇ, ਖਿੜਕੀਆਂ ਅਤੇ ਗੈਸਟ ਰੂਮਾਂ ਦੇ ਅੰਦਰ ਪਏ ਸਾਰੇ ਫਰਨੀਚਰ ਨੂੰ ਅੱਛੇ ਤਰੀਕੇ ਨਾਲ ਪੇਂਟ/ਪਾਲਿਸ਼ ਕਰ ਦਿੱਤਾ ਗਿਆ ਹੈ। ਹੁਣ ਇਹ ਭਾਈ ਮਨੀ ਸਿੰਘ ਬਲਾਕ ਵਾਲੀ ਇਮਾਰਤ ਬਹੁਤ ਸਾਫ਼-ਸੁਥਰੀ ਅਤੇ ਸੁੰਦਰ ਨਜ਼ਰ ਆ ਰਹੀ ਹੈ। ਇਸ ਦੇ ਕਾਰਨ ਗੈਸਟ ਰੂਮਜ਼ (Guest Rooms) ਦੀ ਬੁਕਿੰਗ ਵਿਚ ਕਾਫ਼ੀ ਵਾਧਾ ਹੋਣ ਦੀ ਉਮੀਦ ਕੀਤੀ ਜਾ ਰਹੀ ਹੈ।

**8. ਮੇਨ ਆਡਿਟੋਰਿਅਮ ਦੇ ਦਰਵਾਜ਼ਿਆਂ ਦੀ ਮੁਰੰਮਤ ਸੰਬੰਧੀ** – ਮੇਨ ਆਡਿਟੋਰਿਅਮ ਦੇ ਤਕਰੀਬਨ 12 ਦਰਵਾਜ਼ੇ, ਜੋ ਕਿ ਖਸਤਾ ਹਾਲਤ ਵਿਚ ਸਨ, ਉਹਨਾਂ ਦੀ ਮੁਰੰਮਤ ਪੂਰੇ ਤਰੀਕੇ ਨਾਲ ਮੁਕੰਮਲ ਕਰ ਲਈ ਗਈ ਹੈ।




**ਡਾ. ਜਸਵਿੰਦਰ ਸਿੰਘ Eternal University Baru Sahib ਦੇ ਵਾਈਸ ਚਾਂਸਲਰ ਦਾ ਭਵਨ ਵਿਖੇ ਪਹੁੰਚਣ 'ਤੇ ਸ. ਭਗਵਾਨ ਸਿੰਘ ਲੁਬਾਣਾ ਪ੍ਰਧਾਨ ਬਮਸ਼ਲ ਅਤੇ ਸਮੁੱਚੀ ਮੈਨੇਜਮੈਂਟ ਵੱਲੋਂ ਸਵਾਗਤ ਕੀਤਾ ਗਿਆ। ਡਾ. ਜਸਵਿੰਦਰ ਸਿੰਘ ਮੂਲ ਰੂਪ ਵਿਚ ਪਿੰਡ ਨਡਾਲਾ, ਜ਼ਿਲ੍ਹਾ ਕਪੂਰਥਲਾ ਨਾਲ ਸੰਬੰਧਤ ਹਨ ਅਤੇ ਲੁਬਾਣਾ ਭਾਈਚਾਰੇ ਦੀ ਪ੍ਰਮੁੱਖ ਅਕਾਦਮਿਕ ਸ਼ਖ਼ਸ਼ੀਅਤ ਹਨ।**

## 1 ਮਈ ਮਜ਼ਦੂਰ ਦਿਵਸ 'ਤੇ ਵਿਸ਼ੇਸ਼

# ਦੇਸ਼ ਦੀ ਖੁਸ਼ਹਾਲੀ ਦਾ ਮਜ਼ਬੂਤ ਥੰਮ੍ਹ ਹਨ ਕਿਸਾਨ ਅਤੇ ਮਜ਼ਦੂਰ



ਪੁਰਾਤਨ ਸਮੇਂ ਵਿਚ ਭਾਰਤਵਰਸ਼ ਵਿਚ ਕੋਈ ਸਨਅਤ ਅਤੇ ਉਦਯੋਗਿਕ ਗਤੀਵਿਧੀਆਂ ਨਹੀਂ ਹੁੰਦੀਆਂ ਸਨ। ਸਿਰਫ ਤੇ ਸਿਰਫ ਕਿਸਾਨ, ਮਜ਼ਦੂਰ ਅਤੇ ਕੁਦਰਤੀ ਸੋਮਿਆਂ ਤੋਂ ਹੀ ਭਾਰਤਵਰਸ਼ ਇਕ ਸੋਨੇ ਦੀ ਚਿੜੀ ਸਦੀਆਂ ਤੱਕ ਰਿਹਾ ਹੈ। ਬਾਹਰਲੇ ਹਮਲਾਵਰ ਸਦੀਆਂ ਤੱਕ ਇਸ ਧਰਤੀ ਤੇ ਆ ਕੇ ਇਸ ਨੂੰ ਲੁੱਟ ਕੇ ਜਾਂਦੇ ਰਹੇ ਪ੍ਰੰਤੂ ਫਿਰ ਵੀ ਇਹ ਕੁਦਰਤੀ ਦੇਣ ਕਾਰਨ ਅਤੇ ਕਿਸਾਨ ਅਤੇ ਮਜ਼ਦੂਰ ਦੀ ਮਿਹਨਤ ਨਾਲ ਆਪਣੇ ਪੈਰਾਂ ਤੇ ਖੜ੍ਹੇ ਹੁੰਦੇ ਰਹੇ। ਉਸ ਸਮੇਂ ਦੇ ਸਾਸ਼ਕ ਇਨ੍ਹਾਂ ਸਾਧਨਾਂ ਕਰਕੇ ਆਮਦਨ ਦਾ ਚੰਗਾ ਪ੍ਰਯੋਗ ਕਰਦੇ ਰਹੇ ਅਤੇ ਖੁਸ਼ਹਾਲ ਰਾਜ ਭਾਗ ਹੁੰਦਾ ਰਿਹਾ। ਇਥੇ ਇਹ ਵੀ ਦੱਸਣਾ ਬਣਦਾ ਹੈ ਕਿ ਕਿਸਾਨ ਅਤੇ ਮਜ਼ਦੂਰ ਦੀ ਸੰਤੁਸ਼ਟੀ ਕਾਰਨ ਹੀ ਇਕ ਸ਼ਾਂਤ, ਸਮੁੱਚਾ ਅਤੇ ਸਿਹਤਮੰਦ ਸਮਾਜ ਸਿਰਜਦਾ ਰਿਹਾ ਹੈ। ਇਸ ਸਭ ਵਿਚ ਵਿਸ਼ੇਸ਼ ਯੋਗਦਾਨ ਅਤੇ ਉਤਸ਼ਾਹ ਸਾਸ਼ਕਾਂ ਵੱਲੋਂ ਪ੍ਰਜਾ ਦੀ ਲੋੜਾਂ ਲਈ ਗੰਭੀਰ ਹੋਣਾ ਅਤੇ ਔਕੜਾਂ ਵੇਲੇ ਯੋਗ ਸਹਾਇਤਾ ਕਰਨੀ ਸੀ। ਬਹੁਗਿਣਤੀ ਇਨ੍ਹਾਂ ਦੋਹਾਂ ਵਰਗਾਂ ਦੀ ਹੋਣ ਕਰਕੇ ਖਾਣ-ਪੀਣ ਅਤੇ ਜੀਵਨ ਲਈ ਸਹਾਈ ਵਸੀਲੇ ਹੋਣ ਕਰਕੇ ਚੰਗੀ ਸੋਚ ਵਾਲੇ ਧਾਰਮਿਕ ਆਗੂ, ਚੰਗੀ ਸਿਹਤ ਵਾਲੇ ਯੋਧੇ ਅਤੇ ਖਿਡਾਰੀ ਸਮੇਂ-ਸਮੇਂ ਸਿਰ ਲਗਾਤਾਰ ਵਿਚਰਦੇ ਰਹੇ। ਹੁਣ ਇਸ ਸੰਸਾਰਿਕ ਤਰੱਕੀ ਯੁੱਗ ਵਿਚ ਜੋ ਦੁਰਦਰਸ਼ਾ ਕਿਸਾਨਾਂ ਅਤੇ ਮਜ਼ਦੂਰ ਵਰਗ ਦੀ ਹੋ ਰਹੀ ਹੈ, ਉਸ ਲਈ ਖਾਸ ਤੌਰ ਤੇ ਸਾਸ਼ਕ ਹੀ ਜ਼ਿੰਮੇਵਾਰ ਹਨ ਜੋ ਇਨ੍ਹਾਂ ਵਰਗਾਂ ਦੀਆਂ ਜ਼ਰੂਰਤਾਂ ਨੂੰ ਅਣਦੇਖੀ ਕਰਦੇ ਹੋਏ ਹੋਰ ਬੈਂਕ ਨੀਤੀਆਂ ਕਰਕੇ ਫਿਰਕੂ, ਸਮਾਜਿਕ, ਨਾ ਬਰਾਬਰਤਾ ਅਤੇ ਖੇਤਰੀਵਾਦ ਕਰਕੇ ਇਨ੍ਹਾਂ ਵਰਗਾਂ ਦੀ ਕੋਈ ਖਾਸ ਸੁਣਵਾਈ ਨਹੀਂ ਕੀਤੀ ਬਲਕਿ ਬਹੁਤ ਹੀ ਅਣਦੇਖੀ ਹੋ ਰਹੀ ਹੈ।


**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**ਡਬਲ ਰਾਸ਼ਟਰਪਤੀ ਐਵਾਰਡੀ**
**ਪ੍ਰਧਾਨ ਬ.ਮ.ਸ.ਲ.ਵ.ਸ. (ਰਜਿ.) ਜਲੰਧਰ**
**ਐਡਵਾਇਜ਼ਰ ਲੁਬਾਣਾ ਸੇਵਕ**
**98144-74535**




ਪੰਜਾਬੀ ਜੋ ਕਿ ਦ੍ਰਿੜ੍ਹ ਇਰਾਦੇ ਵਾਲੇ, ਦੇਸ਼ ਲਈ ਮੋਹਰੀ, ਅਜ਼ਾਦੀ ਗੁਲਾਟੀਏ ਅਤੇ ਫੌਜ ਦੀ ਰੀੜ ਦੀ ਹੱਡੀ ਹਨ। ਹੁਣ ਪ੍ਰੇਸ਼ਾਨੀਆਂ ਅੱਗੇ ਹਾਰ ਰਹੇ ਹਨ ਅਤੇ ਖੁਦਕੁਸ਼ੀਆਂ ਵੱਧ ਰਹੀਆਂ ਹਨ। ਇਹ ਸਭ ਕੁਝ ਕੋਈ ਠੋਸ ਕੇਂਦਰੀ ਪਾਲਿਸੀ ਨਾ ਹੋਣ ਕਰਕੇ ਹੋ ਰਿਹਾ ਹੈ। ਕਿਸਾਨਾਂ ਦੇ ਹਾਲਾਤ ਬੱਤਰ ਹਨ ਅਤੇ ਉਨ੍ਹਾਂ ਦੀ ਸਵੈਮਾਨੀ ਜ਼ਿੰਦਗੀ ਨਹੀਂ ਹੈ ਕਿਉਂਕਿ ਸਵੈ-ਨਿਰਭਰ ਕਿਸਾਨੀ ਨੂੰ ਹੱਲਾਸ਼ੇਰੀ ਨਹੀਂ ਮਿਲੀ ਹੈ। ਸਿਰਫ਼ ਤੇ ਸਿਰਫ਼ ਕਾਗਜ਼ਾਂ ਵਿਚ ਹੀ ਢੰਡੋਰਾ ਪਿੱਟਿਆ ਜਾਂਦਾ ਹੈ। ਜੋ ਯੋਧੇ ਕੁਰਬਾਨੀਆਂ ਵਾਲੇ ਅਤੇ ਦੇਸ਼ ਨੂੰ ਖੁਸ਼ਹਾਲ ਅਤੇ ਆਜ਼ਾਦੀ ਲਈ ਨਿਤਰਦੇ ਸਨ ਉਹ ਸਾਧਾਰਨ ਖੇਤੀਬਾੜੀ ਅਤੇ ਖੇਤੀ ਕਾਮਿਆਂ ਵਿਚੋਂ ਸਨ। ਭਾਵੇਂ ਕੁਝ ਕੁ ਅਮੀਰ ਘਰਾਨਿਆਂ ਨੇ ਇਨ੍ਹਾਂ ਦੀ ਸਫਲਤਾ ਦਾ ਨਾਮ ਆਪਣੇ ਨਾਮ ਕਰਵਾ ਲਿਆ ਸੀ ਅਤੇ ਕਰਵਾ ਰਹੇ ਹਨ। ਕਿਸਾਨਾਂ ਦਾ ਅੰਦੋਲਨ ਕਰਨ ਦਾ ਕੀ ਕਾਰਨ ਹੈ? ਕੋਈ ਕਿਉਂ ਸੜਕਾਂ ਤੇ ਮੁਜਾਰਿਆਂ ਵਿਚ ਆਉਂਦਾ ਹੈ। ਕਿਸਾਨ ਕੋਲ ਸਵੇਰ ਤੋਂ ਪਹਿਲਾਂ ਅਤੇ ਰਾਤ ਤੱਕ ਰੁਝੇ ਹੋਣ ਕਾਰਨ ਤਾਂ ਆਪਣੇ ਬੱਚਿਆਂ ਦੀ ਪੜ੍ਹਾਈ ਅਤੇ ਤਰੱਕੀ ਲਈ ਵੀ ਸਮਾਂ ਨਹੀਂ ਫਿਰ ਕਿਉਂ ਉਹ ਅੰਦੋਲਨ ਦੇ ਰਾਹ ਤੇ ਤੁਰਿਆ ਹੈ। ਵੇਖਣ ਪੁੱਛਣ ਅਤੇ ਕਰਨ ਦੀ ਗੱਲ ਹੈ। ਇਸ ਨੂੰ ਅਮਲੀ ਰੂਪ ਦੇਣ ਨਾਲ ਹੀ ਦੇਸ਼ ਕੌਮ ਦੀ ਤਰੱਕੀ ਅਤੇ ਸੁਧਾਰ ਹੋ ਸਕਦਾ ਹੈ।

ਇਸ ਸਭ ਕੁਝ ਲਈ ਕਿਸਾਨਾਂ ਨੂੰ ਚੰਗੀਆਂ ਰਿਪੋਰਟਾਂ, ਜਿਵੇਂ ਕਿ ਸਵਾਮੀਨਾਥਨ ਰਿਪੋਰਟ ਨੂੰ ਲਾਗੂ ਕਰਨ ਤੋਂ ਪਹਿਲਾਂ ਕਹਿਣ ਕਿ ਚੰਗੀ ਤਰ੍ਹਾਂ ਰਿਪੋਰਟ ਦੀ ਘੋਖ ਕਰ ਲੈਣੀ ਚਾਹੀਦੀ ਹੈ ਤਾਂ ਜੋ ਇਸ ਵਿਚ ਵੀ ਕੋਈ ਛੁਪਿਆ ਤੱਥ ਨਾ ਹੋਵੇ ਜੋ ਕਿ ਬਾਦ ਵਿਚ ਛੋਟੇ ਅਤੇ ਵੱਡੇ ਕਿਸਾਨਾਂ ਲਈ ਨਾ ਲਾਹੇਵੰਦ ਸਾਬਤ ਹੋਵੇ। ਇਸ ਰਿਪੋਰਟ ਬਾਰੇ ਬਹੁਤ ਸਮੇਂ ਤੋਂ ਲਟਕੇ ਹੋਣ ਕਰਕੇ ਲਾਗੂ ਕਰਨ ਲਈ ਰੌਲਾ-ਰੱਪਾ ਪਿਆ ਰਹਿੰਦਾ ਹੈ ਅਤੇ ਇਸ ਵਿਚ ਖਦਸ਼ੇ ਕੀ ਹਨ ਕਿ ਰਿਪੋਰਟ ਕਿਸ ਤਰ੍ਹਾਂ ਸਹਾਈ ਹੋਵੇ। ਦੂਜਾ ਖੇਤੀ ਸਅਨਤਾਂ ਨੂੰ ਕੌਮੀ ਸਅਨਤ ਕਰਾਰ ਦੇ ਕੇ ਬਾਕੀ ਸਅਨਤਾਂ ਜਿਵੇਂ ਕਿ ਕੋਇਲਾ, ਸੀਮੈਂਟ, ਲੋਹਾ, ਕੁਦਰਤੀ ਤੇਲ ਤੇ ਗੈਸ ਅਤੇ ਹੋਰ ਉਤਪਾਦਾਂ ਦੇ ਅਨੁਮਾਨ ਦਾ ਦਿਨ ਨਿਰਧਾਰਤ ਹੋਵੇ ਤਾਂ ਜੋ ਰੋਜ਼-ਰੋਜ਼ ਦੀਆਂ ਹੜਤਾਲਾਂ, ਸਮਾਂ ਬਰਬਾਦੀ ਬੰਦ ਹੋ ਸਕੇ ਅਤੇ ਇਹ ਸਮਾਂ ਕੰਮਕਾਰ ਵਿਚ ਲਗਾ ਕੇ ਦੇਸ਼ ਲਈ ਲਾਹੇਵੰਦ ਸਾਬਤ ਹੋਣ। ਤੀਜਾ ਸਮੱਸਿਆ ਦਾ ਹੱਲ ਸਮੇਂ ਸਿਰ ਅਤੇ ਸਹਾਇਤਾ ਸਮੇਂ ਸਿਰ ਹੋਣੀ ਲਾਜ਼ਮੀ ਯਕੀਨੀ ਬਨਾਉਣੀ ਚਾਹੀਦੀ ਹੈ ਅਤੇ ਸਮੇਂ-ਸਮੇਂ ਸਿਰ ਇਸ ਨੂੰ ਘੋਖਦੇ ਰਹਿਣਾ ਚਾਹੀਦਾ ਹੈ। ਗਰੀਬ ਵਰਗ ਲਈ ਫਸਲ ਬੀਮਾ ਯੋਜਨਾ ਅਤੇ ਸਿਹਤ ਸੰਭਾਲ (ਮੈਡੀਕਲ) ਬੀਮਾ ਆਦਿ ਪੂਰਨ ਤੌਰ ਤੇ ਲਾਗੂ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਹਰ ਵਿਅਕਤੀ ਬਿਨਾਂ ਕਿਸੇ ਅਧਿਕਾਰੀ ਅਤੇ ਰਾਜਸੀ ਦਖਲਅੰਦਾਜ਼ੀ ਦੇ ਇਸ ਦਾ ਫਾਇਦਾ ਲੈ ਸਕਣ ਤਾਂ ਹੀ ਸਾਡਾ ਦੇਸ਼ ਫਿਰ ਤੋਂ ਇਕ ਸੋਨੇ ਦੀ ਚਿੜੀ ਬਣ ਸਕਦਾ ਹੈ।

# ਅਫ਼ਸਰੀ ਅਦਾਲਤਾਂ 'ਚ ਇਨਸਾਫ਼ ਦੀ ਉਡੀਕ, ਕਿਉਂ ਵਰ੍ਹਿਆਂ ਤੀਕ?



ਮੁੱਖ ਭਾਰਤੀ ਅਦਾਲਤਾਂ 'ਚ ਲੋਕਾਂ ਨੂੰ ਇਨਸਾਫ਼ ਲੈਣ ਲਈ ਵਰ੍ਹਿਆਂ ਤੱਕ ਉਡੀਕ ਕਰਨੀ ਪੈਂਦੀ ਹੈ। ਅਦਾਲਤਾਂ 'ਚ ਚਲਦੇ ਕੇਸਾਂ ਸੰਬੰਧੀ ਨਿੱਤ - ਦਿਹਾੜੇ ਅਖ਼ਬਾਰਾਂ ਵਿੱਚ ਰਿਪੋਰਟਾਂ ਛਪਦੀਆਂ ਹਨ ਕਿ ਉਪਰਲੀਆਂ, ਹੇਠਲੀਆਂ ਅਦਾਲਤਾਂ ਵਿੱਚ ਲੱਖਾਂ ਦੀ ਗਿਣਤੀ 'ਚ ਦੀਵਾਨੀ, ਫੌਜਦਾਰੀ ਅਤੇ ਹੋਰ ਮਾਮਲਿਆਂ ਸੰਬੰਧੀ ਕੇਸ ਲਟਕੇ ਪਏ ਹਨ। 2023 'ਚ ਇਕੱਤਰ ਵੇਰਵਿਆਂ ਅਨੁਸਾਰ 5.2 ਕਰੋੜ (5.2 ਮਿਲੀਅਨ) ਕੇਸ ਸੁਪਰੀਮ ਕੋਰਟ, ਹਾਈ ਕੋਰਟਾਂ, ਜ਼ਿਲ੍ਹਾ ਅਦਾਲਤਾਂ 'ਚ ਪੈਂਡਿੰਗ ਹਨ। ਜਿਹਨਾਂ ਵਿੱਚੋਂ 80,000 ਕੇਸ ਸੁਪਰੀਮ ਕੋਰਟ 'ਚ ਹੀ ਹਨ। ਪਰ ਅਚੰਭੇ ਵਾਲੀ ਗੱਲ ਤਾਂ ਇਹ ਹੈ ਕਿ "ਅਫ਼ਸਰੀ ਅਦਾਲਤਾਂ" 'ਚ ਕੇਸ ਵਰ੍ਹਿਆਂ ਬੱਧੀ ਲਟਕਾਏ ਜਾਂਦੇ ਹਨ, ਫ਼ੈਸਲਾ ਲਿਖੇ ਜਾਣ ਦੀ ਉਡੀਕ 'ਚ ਪਏ ਰਹਿੰਦੇ ਹਨ, ਪਰ ਇਹਨਾਂ ਸੰਬੰਧੀ ਵੇਰਵਾ ਕਿਧਰੇ ਵੀ ਉਪਲੱਬਧ ਨਹੀਂ। ਸੈਂਕੜੇ ਹਨ ਕਿ ਹਜ਼ਾਰਾਂ ਜਾਂ ਲੱਖਾਂ।


**ਗੁਰਮੀਤ ਸਿੰਘ ਪਲਾਹੀ**
**98158-02070**




ਇਹਨਾ ਕੇਸਾਂ 'ਚ ਤਾਰੀਖਾਂ ਪੈਂਦੀਆਂ ਹਨ, ਗਵਾਹੀਆਂ ਲਈਆਂ ਜਾਂਦੀਆਂ ਹਨ, ਬਹਿਸਾਂ ਵੀ ਪੂਰੀਆਂ ਹੋ ਜਾਂਦੀਆਂ ਹਨ, ਪਰ ਫ਼ੈਸਲੇ ਨਹੀਂ ਸੁਣਾਏ-ਲਿਖੇ ਜਾਂਦੇ। ਆਖ਼ਰ ਇਹ ਅਦਾਲਤਾਂ ਕਿਹੋ ਜਿਹੀਆਂ ਹਨ? ਕਿਸ ਕੰਮ ਲਈ ਬਣਾਈਆਂ ਜਾਂਦੀਆਂ ਹਨ ਇਹ ਅਦਾਲਤਾਂ? ਕਿਉਂ ਹੁੰਦਾ ਹੈ ਇੰਜ? ਕੀ ਇਹ ਸਿਆਸੀ ਦਬਾਅ ਕਾਰਨ ਹੈ? ਕੀ ਇਹ ਭ੍ਰਿਸ਼ਟਾਚਾਰ ਦਾ ਪ੍ਰਭਾਵ ਹੈ? ਜਾਂ ਕੀ ਇਹ "ਅਫ਼ਸਰੀ ਅਦਾਲਤਾਂ" ਦੀ ਅਣਗਹਿਲੀ ਹੈ? ਜਾਂ ਇਹ ਸਮਾਂ ਟਪਾਉਣ ਵਾਲੀ ਰੁਚੀ ਕਾਰਨ ਹੈ ਜਾਂ ਆਪਣੀ ਜ਼ੁੰਮੇਵਾਰੀ ਤੋਂ ਭੱਜਣ ਕਾਰਨ ਹੈ।

ਆਖ਼ਰ ਇਹ ਅਫ਼ਸਰੀ ਅਦਾਲਤਾਂ ਕਿਹੜੀਆਂ ਹਨ? ਕਿਹੜੇ ਲੋਕ ਇਹਨਾ ਅਦਾਲਤਾਂ 'ਚ ਵੱਧ ਪ੍ਰਭਾਵਤ ਹੁੰਦੇ ਹਨ। ਇਹ 'ਅਫ਼ਸਰੀ ਅਦਾਲਤਾਂ' ਕਿਰਤ ਕਮਿਸ਼ਨਰ ਨਾਲ ਸੰਬੰਧਤ ਹਨ। ਇਹ ਅਫ਼ਸਰੀ ਅਦਾਲਤਾਂ ਪੇਂਡੂ ਵਿਕਾਸ ਵਿਭਾਗ, ਜਾਂ ਸਬ-ਡਿਬੀਜ਼ਨ ਅਫ਼ਸਰਾਂ ਦੀਆਂ ਅਦਾਲਤਾਂ ਨਾਲ ਸੰਬੰਧਤ ਹਨ, ਜੋ ਸਿੱਧਿਆਂ ਆਮ ਲੋਕਾਂ ਦੇ ਹੱਕ-ਹਕੂਕਾਂ ਦੀ ਰਖਵਾਲੀ ਕਰਨ ਲਈ ਬਣਾਈਆਂ ਜਾਂਦੀਆਂ ਹਨ ਜਾਂ ਜਾਣੀਆਂ ਜਾਂਦੀਆਂ ਹਨ ਅਤੇ ਕਾਨੂੰਨ ਅਨੁਸਾਰ ਇਹਨਾਂ ਅਦਾਲਤਾਂ ਨੂੰ ਪੂਰੇ ਜੁਡੀਸ਼ਰੀ ਅਧਿਕਾਰ ਵੀ ਮਿਲੇ ਹੋਏ ਹਨ।

ਕਿਆਸ ਕਰੋ ਉਸ ਕਾਮੇ ਦੀ ਹਾਲਤ ਦਾ ਜਿਹੜਾ ਜ਼ਿੰਦਗੀ ਦੇ ਸੁਨਿਹਰੇ ਵਰ੍ਹੇ ਫੈਕਟਰੀ 'ਚ ਕੰਮ ਕਰਦਾ ਹੈ, ਉਸਨੂੰ ਕਾਨੂੰਨ ਅਨੁਸਾਰ ਕੁਝ ਗਰੈਚੂਇਟੀ ਅਤੇ ਇੱਕ ਹਜ਼ਾਰ ਤੋਂ ਦੋ ਕੁ ਹਜ਼ਾਰ ਰੁਪਏ ਪੈਨਸ਼ਨ ਦਾ ਪ੍ਰਾਵਾਧਾਨ ਹੈ। ਇਹ ਪੈਨਸ਼ਨ ਉਸਨੂੰ ਉਸ ਦੀ ਤਨਖ਼ਾਹ ਵਿੱਚੋਂ ਮਹੀਨਾਵਾਰ ਪ੍ਰਾਵੀਡੈਂਟ ਫੰਡ ਦੇ ਨਾਲ ਕੱਟੀ ਰਕਮ ਦੇ ਇਵਜ਼ ਵਿੱਚ ਪ੍ਰਾਵੀਡੈਂਟ ਫੰਡ ਕਮਿਸ਼ਨਰ ਦੇ ਦਫ਼ਤਰੋਂ ਮਿਲਦੀ ਹੈ। ਕਿੰਨੀ ਤੁਛ ਜਿਹੀ ਰਕਮ ਹੈ ਇਹ, ਕਿਸੇ ਨੂੰ ਮਖੌਲ ਜਿਹਾ ਕਰਨ ਵਾਂਗਰ। ਕਦੇ ਨਿਯਮਾਂ ਤੋਂ ਬਾਹਰ ਜਾ ਕੇ ਰੈਗੂਲਰ ਚਰਕਰਾਂ ਦੀ ਗਿਣਤੀ 10 ਪੂਰੀ ਨਹੀਂ ਹੋਣ ਦਿੰਦੇ ਅਤੇ ਕਦੇ ਉਹਨਾਂ ਨੂੰ ਠੇਕੇ ਦੇ ਕੇ ਕੰਮ ਕਰਵਾਉਂਦੇ ਹਨ ਤੇ ਵਰਕਰਾਂ ਵਾਲੀਆਂ ਸਹੂਲਤਾਂ ਤੋਂ ਵਿਰਵੇ ਕਰ ਦਿੰਦੇ ਹਨ। ਪਰ ਇਹਦੇ ਨਾਲ ਹੀ ਗਰੈਚੂਇਟੀ ਦੇਣ ਦਾ ਪ੍ਰਾਵਾਧਾਨ ਵੀ ਹੈ, ਹਰ ਉਸ ਕਾਮੇ ਨੂੰ ਜਿਹੜਾ ਆਪਣੇ ਮਾਲਕ ਕੋਲ ਘੱਟੋ-ਘੱਟ ਪੰਜ ਵਰ੍ਹਿਆਂ ਦੀ ਨੌਕਰੀ ਪੂਰੀ ਕਰ ਲੈਂਦਾ ਹੈ। ਪਰ ਬਹੁਤੇ ਮਾਲਕ ਇਹਨਾਂ ਕਾਮਿਆਂ ਨੂੰ ਇਸ ਫੰਡ ਤੋਂ ਕਿਸੇ ਨਾ ਕਿਸੇ ਤਰ੍ਹਾਂ ਵਿਰਵੇ ਰੱਖਦੇ ਹਨ। ਪਰ ਜਿਹੜੇ ਕਾਮੇ ਇਸ ਸਕੀਮ ਅਧੀਨ ਆ ਜਾਂਦੇ ਹਨ, ਉਹਨਾ ਵਿੱਚੋਂ ਕਈਆਂ ਨੂੰ ਆਪਣੀ ਗਰੈਚੂਇਟੀ ਦਾ ਹੱਕ ਪ੍ਰਾਪਤ ਕਰਨ ਲਈ ਜ਼ਿਲ੍ਹਿਆਂ 'ਚ ਕਿਰਤ ਵਿਭਾਗ ਵੱਲੋਂ ਬਣਾਏ ਅਸਿਸਟੈਂਟ ਲੇਬਰ ਕਮਿਸ਼ਨਰਾਂ ਦੀ ਅਦਾਲਤ ਵਿੱਚ ਕੇਸ ਕਰਨੇ ਪੈਂਦੇ ਹਨ। ਇਥੇ ਹੀ ਕਾਮਿਆਂ ਨੂੰ ਆਪਣੇ ਵਾਜਬ ਹੱਕ ਦੀ ਪ੍ਰਾਪਤੀ ਲਈ ਖਜ਼ਲਖੁਆਰੀ ਦੀ ਦਾਸਤਾਨ ਸ਼ੁਰੂ ਹੁੰਦੀ ਹੈ। ਕਾਮੇ ਵਰ੍ਹਿਆਂ ਬੱਧੀ ਇਹਨਾਂ ਅਫ਼ਸਰੀ ਅਦਾਲਤਾਂ 'ਚ ਪੇਸ਼ ਹੁੰਦੇ ਹਨ, ਤਾਰੀਖ ਦਰ ਤਾਰੀਖ ਪੈਂਦੀ

ਹੈ। ਅਤੇ ਹੈਰਾਨੀ ਦੀ ਗੱਲ ਹੈ ਕਿ ਇਹਨਾ ਅਦਾਲਤਾਂ 'ਚ ਫ਼ੈਸਲੇ ਸਮਾਂਬੱਧ ਨਹੀਂ ਹੁੰਦੇ, ਸਗੋਂ ਕਈ ਵੇਰ 4 ਜਾਂ 5 ਵਰ੍ਹਿਆਂ ਤੱਕ ਕੇਸ ਘਸੀਟੇ ਜਾਂਦੇ ਹਨ। ਉਸ ਹਾਲਾਤ ਵਿੱਚ ਜਦੋਂ ਕਾਮਾ ਆਪਣੇ ਮਾਲਕ ਵਿਰੁੱਧ ਕੇਸ ਜਿੱਤ ਵੀ ਲੈਂਦਾ ਹੈ ਤਾਂ ਮਾਲਕ ਉਸਦੀ ਅਪੀਲ ਕਿਰਤ ਕਮਿਸ਼ਨਰ ਕੋਲ ਕਰ ਦੇਂਦੇ ਹਨ। ਜਿਥੇ ਇਹ ਅਪੀਲਾਂ ਦੀ ਸੁਣਵਾਈ ਕੁਝ ਤਾਰੀਖਾਂ 'ਚ ਨਹੀਂ, ਸਗੋਂ ਲੰਮੇਰੀ ਚੱਲਦੀ ਹੈ। ਵੇਖੋ ਗੱਲ ਤਾਂ ਬੱਸ ਏਨੀ ਕੁ ਹੀ ਹੈ ਕਿ ਕਾਮੇ ਨੂੰ ਉਸਦਾ ਹੱਕ ਗਰੈਚੂਇਟੀ ਸਮੇਂ 'ਤੇ ਮਿਲੇ। ਉਸ ਲਈ ਦਲੀਲ ਅਪੀਲ ਕਾਮੇ ਵਿਰੁੱਧ ਆਖ਼ਿਰ ਕਿਉਂ? ਕਿਉਂ ਆਖ਼ਰ ਉਸਨੂੰ ਅਦਾਲਤਾਂ 'ਚ ਜਾਣਾ ਪੈਂਦਾ ਹੈ?

ਇਹੋ ਜਿਹੇ ਕੇਸ ਸੂਬੇ ਦੀ ਰਾਜਧਾਨੀ 'ਚ ਕੇਸ ਚੱਲਦੇ ਹਨ। ਵੱਡੇ ਅਫ਼ਸਰ ਨੂੰ ਵਿਹਲ ਨਹੀਂ ਹੁੰਦੀ, ਅਗਲੀ ਤਾਰੀਖ ਪੈ ਜਾਂਦੀ ਹੈ। ਪੱਲੇ ਬੰਨੀ ਰੋਟੀ, ਪੂਰਾ ਦਿਨ ਰਾਜਧਾਨੀ ਦੇ ਵੱਡੇ ਦਫ਼ਤਰ 'ਚ ਕਿਸਮਤ ਬਣੀ ਦਿਖਦੀ ਹੈ। ਗੱਲ ਇਥੇ ਹੀ ਖ਼ਤਮ ਨਹੀਂ ਹੁੰਦੀ, ਵਕੀਲਾਂ ਦੀਆਂ ਦਲੀਲਾਂ ਖ਼ਤਮ ਹੋ ਜਾਂਦੀਆਂ ਹਨ ਕੇਸਾਂ ਵਿੱਚ, ਪਰ ਫ਼ੈਸਲੇ ਲਟਕਦੇ ਰਹਿੰਦੇ ਹਨ। ਕਈ ਵੇਰ ਫ਼ੈਸਲਿਆਂ ਉਪਰੰਤ ਹਾਈ ਕੋਰਟ 'ਚ ਇਹ ਕੇਸ ਘਸੀਟ ਲਏ ਜਾਂਦੇ ਹਨ। ਸੂਬੇ ਦੇ ਕਿਰਤ ਕਮਿਸ਼ਨਰਾਂ ਦੀਆਂ ਅਦਾਲਤਾਂ ਦੇ ਦਫ਼ਤਰਾਂ 'ਚ ਅਪੀਲਾਂ ਦੀ ਗਿਣਤੀ ਦਰਜਨਾਂ 'ਚ ਹੈ, ਜਿਹੜੇ ਵਰ੍ਹਿਆਂ ਤੋਂ ਆਪਣੇ ਫ਼ੈਸਲੇ ਦੀ ਉਡੀਕ 'ਚ ਹੋਣਗੇ। ਕਿਸ ਕਿਸਮ ਦਾ ਅਦਾਲਤੀ ਇਨਸਾਫ਼ ਹੈ ਇਹ, ਜਿਸ ਦੀ ਉਡੀਕ 'ਚ ਕਾਮੇ ਬੁੱਢੇ ਬਿਰਖ ਬਣੇ ਦਿਖਦੇ ਹਨ। ਪ੍ਰਸਿੱਧ ਸ਼ਾਇਰ ਸੁਰਜੀਤ ਪਾਤਰ ਦੀ ਕਵਿਤਾ ਦਾ ਸ਼ੇਅਰ ਉਹਨਾ 'ਤੇ ਢੁੱਕਦਾ ਹੈ :-

**ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ**
**ਫੈਸਲੇ ਸੁਣਦਿਆਂ ਸੁਣਦਿਆਂ ਸੁਕ ਗਏ**
**ਆਖੋ ਏਨਾਂ ਨੂੰ ਉਜੜੇ ਘਰੀਂ ਜਾਣ ਹੁਣ**
**ਇਹ ਕਦੋਂ ਤੀਕ ਏਥੇ ਖੜ੍ਹੇ ਰਹਿਣਗੇ।**

ਬਿਲਕੁਲ ਇਹੋ ਜਿਹੇ ਅਫ਼ਸਰੀ ਇਨਸਾਫ਼ ਦੀ ਉਦਾਹਰਨ ਪੇਂਡੂ ਵਿਕਾਸ ਵਿਭਾਗ ਦੀ ਹੈ। ਪੰਚਾਇਤਾਂ ਵੱਲੋਂ ਜ਼ਿਲ੍ਹਾ ਪੰਚਾਇਤ ਅਤੇ ਵਿਕਾਸ ਅਫ਼ਸਰਾਂ ਦੇ ਦਫ਼ਤਰਾਂ 'ਚ ਨਜਾਇਜ਼ ਕਬਜ਼ਾ ਹਟਾਉਣ ਦੇ ਕੇਸਾਂ ਦੀ ਸੁਣਵਾਈ ਵਰ੍ਹਿਆਂ ਬੱਧੀ ਦਫ਼ਤਰਾਂ 'ਚ ਕਾਰਵਾਈ ਲਈ ਪਈ ਰਹਿੰਦੀ ਹੈ। ਫ਼ੈਸਲੇ ਹੋਣ ਉਪਰੰਤ ਸੂਬਾ ਪੰਚਾਇਤ ਅਤੇ ਵਿਕਾਸ ਦਫ਼ਤਰਾਂ 'ਚ ਅਤੇ ਨਾ ਹੀ ਸੂਬਾ ਦਫ਼ਤਰਾਂ 'ਚ ਇਹਨਾਂ ਦੀ ਸੁਣਵਾਈ ਦੀ ਕੋਈ ਸਮਾਂ ਸੀਮਾ ਹੈ। ਜੇ ਸਮਾਂ-ਸੀਮਾ ਹੈ ਵੀ ਤਾਂ ਅਫ਼ਸਰ ਉਸਨੂੰ ਮੰਨਦੇ ਹੀ ਨਹੀਂ। ਇਥੇ ਫ਼ੈਸਲੇ ਸਿਆਸੀ ਪਹੁੰਚ ਨਾਲ ਹੀ ਅੱਗੇ ਵਧਦੇ ਜਾਂ ਲਟਕਦੇ ਹਨ। ਗੱਲ ਇਥੇ ਹੀ ਬੱਸ ਨਹੀਂ ਹੁੰਦੀ। ਮਾਮਲਾ ਉਪਰੋਂ ਹੇਠਾਂ ਆਉਣ ਅਤੇ ਉਸਨੂੰ ਲਾਗੂ ਕਰਨ ਲਈ ਬਲਾਕ ਪੱਧਰ ਦੇ ਦਫ਼ਤਰਾਂ ਰਾਹੀਂ ਤਹਿਸੀਲਦਾਰਾਂ ਕੋਲ ਪਹੁੰਚਦਾ ਹੈ। ਜਿਥੇ ਮੁੜ ਕਬਜ਼ਾ ਲੈਣ ਲਈ ਲੰਮੀ ਕਾਰਵਾਈ ਹੁੰਦੀ ਹੈ। ਫਾਈਲਾਂ ਇਥੇ ਵੀ ਲਟਕਦੀਆਂ ਹਨ। ਖੂੰਜੇ ਲੱਗਦੀਆਂ ਹਨ। ਗਤੀ ਨਹੀਂ ਫੜਦੀਆਂ। ਬਹਾਨੇਬਾਜ਼ੀ ਦਾ ਸ਼ਿਕਾਰ ਹੁੰਦੀਆਂ ਹਨ।

ਡੂੰਘੀ ਨਜ਼ਰ ਨਾਲ ਜੇਕਰ ਐਸ.ਡੀ.ਐਮ. ਦਫ਼ਤਰਾਂ 'ਚ ਲੱਗੀਆਂ ਅਦਾਲਤਾਂ ਦੇ ਕੰਮਕਾਜ ਨੂੰ ਵੀ ਵੇਖਿਆ ਜਾਵੇ ਤਾਂ ਇਥੇ ਵੀ ਸੈਂਕੜੇ ਕੇਸ ਲੰਮਾ ਸਮਾਂ ਲਟਕਦੇ ਰਹਿੰਦੇ ਹਨ। ਸਧਾਰਨ ਵਿਅਕਤੀ ਦੀ ਇਨਸਾਫ਼ ਦੀ ਆਸ ਤਾਂ ਉਸ ਵੇਲੇ ਮੱਧਮ ਪੈ ਜਾਂਦੀ ਹੈ, ਜਦੋਂ ਇਹਨਾਂ ਅਫ਼ਸਰੀ ਅਦਾਲਤਾਂ ਵਿੱਚ, ਜੋ ਜੱਜ ਦੀ ਭੂਮਿਕਾ ਨਿਭਾਉਂਦੇ ਹਨ, ਵਕੀਲਾਂ ਦੀਆਂ ਮਣਾਂ-ਮੂੰਹ ਫ਼ੀਸਾਂ ਭਰਨੀਆਂ ਪੈਂਦੀਆਂ ਹਨ, ਉਹਨਾਂ ਦੇ ਮੁਨਸ਼ੀਆਂ ਦੇ ਨਿੱਤ-ਦਿਹਾੜੇ ਇੱਕ-ਦੁੱਕਾ ਖ਼ਰਚੇ ਉਠਾਉਣੇ ਪੈਂਦੇ ਹਨ, ਜਿਹਨਾ ਵਿੱਚ ਟਾਈਪ ਫੀਸ ਅਸ਼ਟਾਮ, ਅੰਦਰਲੀ ਫ਼ੀਸ, ਕਾਪੀ ਫ਼ੀਸ ਅਤੇ ਉਪਰੋਂ ਸੇਵਾ ਫੀਸ, ਜਿਸਦਾ ਕੋਈ ਅੰਤ ਹੀ ਨਹੀਂ ਹੁੰਦਾ। ਉਂਜ ਵੀ ਇਹਨਾ ਦਫ਼ਤਰਾਂ 'ਚ ਵਕੀਲਾਂ ਰਾਹੀਂ ਕੀਤੇ-ਕਰਵਾਏ ਆਪਸੀ ਸਮਝੌਤੇ ਬਹੁਤੀ ਵੇਰ ਆਮ ਲੋਕਾਂ ਨੂੰ ਇਨਸਾਫ ਤੋਂ ਦੂਰ ਰੱਖਦੇ ਹਨ, ਕਿਉਂਕਿ ਇਸ ਨਾਲ ਉਹਨਾਂ ਦੀ ਨਾ ਮਾਨਸਿਕ ਸੰਤੁਸ਼ਟੀ ਹੁੰਦੀ ਹੈ, ਨਾ ਹੀ ਉਸ ਵਿਅਕਤੀ ਨੂੰ ਸਹੀ ਹੱਕ ਮਿਲਦਾ ਹੈ।

ਵੱਖੋ-ਵੱਖਰੇ ਮਹਿਕਮਿਆਂ ਵੱਲੋਂ ਬਣਾਏ ਗਏ ਟ੍ਰਿਬਿਊਨਲਾਂ ਦੇ ਕੰਮ ਕਾਜ ਉੱਤੇ ਵੀ ਇਹੋ ਜਿਹੇ ਹੀ ਸਵਾਲ ਉੱਠਦੇ ਹਨ। ਗੱਲ ਸੂਚਨਾ ਕਮਿਸ਼ਨ ਦੀ ਲੈ ਲਈਏ। ਦਫ਼ਤਰਾਂ ਤੋਂ ਮੰਗੀ ਗਈ ਸੂਚਨਾ ਜੇਕਰ ਸੰਬੰਧਤ ਅਫ਼ਸਰ ਮੁਹੱਈਆ ਨਹੀਂ ਕਰਦਾ ਤਾਂ ਉਸ ਵਿਰੁੱਧ ਸ਼ਿਕਾਇਤ ਹੁੰਦੀ ਹੈ ਸੂਚਨਾ ਕਮਿਸ਼ਨ ਦਫ਼ਤਰ 'ਚ। ਹਾਲ ਉਥੇ ਵੀ ਇਹੋ ਜਿਹੀਆਂ ਅਰਜ਼ੀਆਂ ਦਾ ਹੁੰਦਾ ਹੈ। ਅਫ਼ਸਰ ਦਾ ਜੀਅ ਕਰਦਾ ਹੈ ਤਾਂ ਸੂਚਨਾ ਦਿੰਦਾ ਹੈ, ਨਹੀਂ ਜੀਅ ਕਰਦਾ ਤਾਂ ਨਹੀਂ ਦਿੰਦਾ। ਢੇਰਾਂ ਦੇ ਢੇਰ ਅਰਜ਼ੀਆਂ ਸੂਚਨਾ ਨਾ ਦੇਣ ਵਾਲੀਆਂ ਪਈਆਂ ਹਨ। ਇਹਨਾਂ ਸੂਬਾ ਸੂਚਨਾ ਦਫ਼ਤਰਾਂ 'ਚ ਵੀ ਕੇਸ ਚੱਲਦੇ ਹਨ, ਪਰ ਕਾਰਵਾਈਆਂ "ਜੁਡੀਸ਼ਰੀ ਅਦਾਲਤਾਂ" ਦੀ ਕਾਰਵਾਈ ਵਾਂਗਰ ਲਟਕਦੀਆਂ ਰਹਿੰਦੀਆਂ ਹਨ। ਇਨਸਾਫ਼ ਨੂੰ ਲੋਕ ਇਥੇ ਵੀ ਉਡੀਕਦੇ ਹਨ।

ਗੱਲ ਤਾਂ ਸਪੱਸ਼ਟ ਹੈ ਕਿ ਅਫ਼ਸਰੀ ਅਦਾਲਤਾਂ ਦੇ ਕੰਮ ਕਾਰ ਤਾਂ ਸਿੱਧੇ ਸਿਆਸੀ ਪਰਭਾਵ ਦੇ ਮੁਥਾਜ ਹੋਏ ਵਿਖਾਈ ਦੇਂਦੇ ਹਨ। ਕੀ ਆਮ ਆਦਮੀ ਦੀ ਚੀਖ-ਪੁਕਾਰ ਕੋਈ ਮਾਇਨੇ ਨਹੀਂ ਰੱਖਦੀ? ਕੀ ਆਮ ਆਦਮੀ ਦੀ ਇਨਸਾਫ਼ ਲਈ ਚਾਹਤ ਕੋਈ ਮਾਇਨੇ ਨਹੀਂ ਰੱਖਦੀ? ਕੀ ਆਮ ਆਦਮੀ ਇਨਸਾਫ਼ ਦੀ ਸੜਕਾਂ ਤੇ ਭਟਕਣਾ ਕੋਈ ਮਾਇਨੇ ਨਹੀਂ ਰੱਖਦੀ? ਕੀ ਅਫ਼ਸਰਸ਼ਾਹੀ, ਇੰਨੀ ਸਿਆਸੀ ਮੁਥਾਜ, ਅਵੇਸਲੀ ਹੋ ਚੁੱਕੀ ਹੈ ਕਿ ਆਮ ਆਦਮੀ ਉਸਦੀ ਲਿਸਟ ਵਿੱਚੋਂ ਬਾਹਰ ਹੋ ਗਿਆ ਹੈ? ਆਮ ਆਦਮੀ ਨਾਲ ਧੱਕਾ ਹੁੰਦਾ ਹੈ ਤਾਂ ਉਹ ਪੰਚਾਇਤੇ ਚੜ੍ਹਦਾ ਹੈ। ਤਾਰੀਖਾਂ ਦਾ ਸਾਹਮਣਾ ਕਰਦਾ ਹੈ। ਥਾਣੇ ਜਾਂਦਾ ਹੈ ਤਾਂ ਭਟਕਦਾ ਹੈ। ਅਦਾਲਤੇ ਜਾਂਦਾ ਹੈ ਤਾਂ ਲੰਮੀ ਪ੍ਰਕਿਰਿਆ ਉਸਨੂੰ ਡਰਾਉਂਦੀ ਹੈ। ਅਫ਼ਸਰੀ ਅਦਾਲਤ ਉਸਨੂੰ ਇਨਸਾਫ਼ ਤੋਂ ਵਿਰਵਾ ਰੱਖਦੀ ਹੈ। 'ਸਿਆਸੀ ਇਨਸਾਫ' ਉਸਨੂੰ ਸਿਰਫ਼ ਲਾਰਾ-ਲੱਪਾ ਦਿੰਦਾ ਹੈ ਤਾਂ ਫਿਰ ਆਖ਼ਰ ਆਮ ਆਦਮੀ ਲਈ ਇਨਸਾਫ ਕਿਥੇ ਹੈ? ਕਿਹੜੇ ਘੁਰਨੇ 'ਚ ਵੜਿਆ ਹੈ ਉਸ ਲਈ ਇਨਸਾਫ, ਜਿਸਦੀ ਪ੍ਰਾਪਤੀ ਉਹਦੀਆਂ ਅੱਖਾਂ 'ਚ ਚਮਕ ਲਿਆਏਗੀ?

● ● ●

# ਤੁਸੀਂ ਸਫਲਤਾ ਨਾਲੋਂ ਅਸਫਲਤਾ ਤੋਂ ਜ਼ਿਆਦਾ ਸਿੱਖਦੇ ਹੋ।




## 1 ਮਈ ਮਜ਼ਦੂਰ ਦਿਵਸ

# ਅੰਤਰਰਾਸ਼ਟਰੀ ਮਜ਼ਦੂਰ ਦਿਵਸ ’ਤੇ ਵਿਸ਼ੇਸ਼

ਸੁਰਿੰਦਰ ਸਿੰਘ ਰੂਬੀ
ਆਬਕਾਰੀ ਤੇ ਕਰ ਅ.ਫਸਰ
(ਸੇਵਾ ਮੁਕਤ)
ਸੰਪਾਦਕ
98141-28181



ਸੰਸਾਰ ਭਰ ਵਿਚ ਹਰ ਸਾਲ 1 ਮਈ ਨੂੰ ਮਜ਼ਦੂਰ ਦਿਵਸ ਮਨਾਇਆ ਜਾਂਦਾ ਹੈ। ਕਿਸੇ ਵੀ ਸਮਾਜ, ਦੇਸ਼, ਉਦਯੋਗ ਤੇ ਸੰਸਥਾ ਵਿਚ ਮਜ਼ਦੂਰਾਂ, ਕਾਮਿਆਂ ਤੇ ਮਿਹਨਤਕਸ਼ਾਂ ਦਾ ਵਿਸ਼ੇਸ਼ ਰੋਲ ਹੁੰਦਾ ਹੈ। ਮਜ਼ਦੂਰ ਦਿਵਸ ਮਨਾਉਣ ਦਾ ਮੁੱਖ ਉਦੇਸ਼ ਜਿੱਥੇ ਮਜ਼ਦੂਰਾਂ ਦੇ ਸੰਘਰਸ਼ ਭਰੇ ਜੀਵਨ ਅਤੇ ਉਹਨਾਂ ਦੀਆਂ ਆਰਥਿਕ ਤੇ ਸਮਾਜਿਕ ਪ੍ਰਾਪਤੀਆਂ ਬਾਰੇ ਹਾਲ ਬਿਆਨ ਕਰਨਾ ਹੁੰਦਾ ਹੈ ਉਥੇ ਉਹਨਾਂ ਨੂੰ ਪੇਸ਼ ਆਉਂਦੀਆਂ ਮੁਸ਼ਕਲਾਂ ਤੇ ਸਮੱਸਿਆਵਾਂ ਦੀਆਂ ਚੁਣੌਤੀਆਂ ਤੋਂ ਜਾਣੂ ਕਰਵਾਉਣਾ ਵੀ ਹੁੰਦਾ ਹੈ।

ਅੰਤਰਰਾਸ਼ਟਰੀ ਮਜ਼ਦੂਰ ਦਿਵਸ ਨੂੰ ਮਨਾਉਣ ਦੀ ਸ਼ੁਰੂਆਤ 1 ਮਈ 1886 ਤੋਂ ਮੰਨੀ ਜਾਂਦੀ ਹੈ। ਜਦੋਂ ਅਮਰੀਕਾ ਵਿਚ ਮਜ਼ਦੂਰ ਯੂਨੀਅਨਾਂ ਨੇ ਕੰਮ ਦਾ ਸਮਾਂ 8 ਘੰਟੇ ਤੋਂ ਵੱਧ ਨਾਂ ਰੱਖੇ ਜਾਣ ਲਈ ਹੜਤਾਲ ਕੀਤੀ ਸੀ। ਇਸ ਹੜਤਾਲ ਦੌਰਾਨ ਸ਼ਿਕਾਗੋ ਸ਼ਹਿਰ ਦੇ ਹੇਅ ਮਾਰਕੀਟ ਵਿਚ ਬੰਬ ਧਮਾਕਾ ਹੋਇਆ ਸੀ। ਇਸ ਦੇ ਸਿੱਟੇ ਵਜੋਂ ਪੁਲਿਸ ਨੇ ਮਜ਼ਦੂਰਾਂ ਉੱਤੇ ਗੋਲੀ ਚਲਾ ਦਿੱਤੀ ਸੀ। ਇਸ ਗੋਲੀਬਾਰੀ ਵਿਚ ਸੱਤ ਮਜ਼ਦੂਰ ਮਾਰੇ ਗਏ ਸਨ। ਮੌਕੇ ’ਤੇ ਮੌਜੂਦ ਗਵਾਹਾਂ ਨੇ ਤਸਦੀਕ ਕੀਤਾ ਸੀ ਕਿ ਗੋਲੀਆਂ ਦੀਆਂ ਫਲੈਸਾਂ ਗਲੀ ਦੇ ਕੇਂਦਰ ਵਿਚੋਂ ਆਈਆਂ ਸਨ ਜਿੱਥੇ ਪੁਲਿਸ ਖੜ੍ਹੀ ਸੀ। ਮੁੱਢਲੀਆਂ ਰਿਪੋਰਟਾਂ ਵਿਚ ਵੀ ਭੀੜ ਵੱਲੋਂ ਗੋਲੀ ਚਲਾਉਣ ਦਾ ਕੋਈ ਜ਼ਿਕਰ ਨਹੀਂ ਸੀ। ਮੌਕੇ ’ਤੇ ਇੱਕ ਟੈਲੀਗ੍ਰਾ.ਫ ਵਿਭਾਗ ਦਾ ਖੰਭਾਂ ਵੀ ਗੋਲੀਆਂ ਲੱਗਣ ਕਾਰਨ ਉਸ ਪਾਸੇ ਤੋਂ ਮੋਰੀਆਂ ਨਾਲ ਭਰਿਆ ਸੀ ਜਿਸ ’ਤੇ ਪੁਲਿਸ ਵਾਲੇ ਪਾਸੇ ਤੋਂ ਗੋਲੀਆਂ ਆਈਆਂ ਸਨ। ਇਸ ਅੰਨ੍ਹੇਵਾਹ ਕੀਤੀ ਫਾਇਰਿੰਗ ਵਿਚ ਕਈ ਮਜ਼ਦੂਰ ਮਾਰੇ ਗਏ। ਸ਼ਿਕਾਗੋ ਸ਼ਹਿਰ ਵਿਚ ਪੁਲਿਸ ਵੱਲੋਂ ਕੀਤੀ ਗਈ ਗੋਲੀਬਾਰੀ ਵਿਚ ਸੱਤ ਮਜ਼ਦੂਰਾਂ ਦੀ ਮੌਤ ਹੋਈ। ਜਿਨ੍ਹਾਂ ਵਿਚ

(1) ਅਲਬਰਟ ਪਾਰਸਨਸ–ਪ੍ਰਿੰਟਿੰਗ ਪ੍ਰੈੱਸ ਦਾ ਮਜ਼ਦੂਰ

(2) ਆਰਾਸਟ ਸਪਾਇਸ–ਫਰਨੀਚਰ ਦਾ ਕਾਰੀਗਰ



(3) ਏਲਾਡਫ ਫਿਸਰ-ਪ੍ਰਿੰਟਿੰਗ ਪ੍ਰੈੱਸ ਦਾ ਮਜ਼ਦੂਰ

(4) ਜਾਰਜ ਏਜਿੰਲ-ਖਿਡੌਣੇ ਵੇਚਣ ਵਾਲਾ

(5) ਸੈਮੁਅਲ ਫੀਲਡੇਨ-ਦਲਾਈ ਮਜ਼ਦੂਰ

(6) ਮਾਈਕਲ ਸ਼ਵਾਬ-ਬੁੱਕ ਬਾਈਂਡਰ ਅਤੇ


(7) ਆਸਕਰ ਨੀਬੇ-ਦੁਕਾਨ ਵਿਚ ਹਿੱਸੇਦਾਰ ਸ਼ਾਮਲ ਸਨ।

ਸ਼ਿਕਾਗੋ ਸ਼ਹਿਰ ਵਿਚ ਪਹਿਲੀ ਵਾਰ ਸ਼ਹੀਦ ਮਜ਼ਦੂਰਾਂ ਦੀ ਯਾਦ ਵਿਚ ਮਜ਼ਦੂਰ ਦਿਵਸ ਮਨਾਇਆ ਗਿਆ। ਇਸ ਤੋਂ ਬਾਅਦ ਪੈਰਿਸ ਵਿਚ 1889 ਨੂੰ ਅੰਤਰਰਾਸ਼ਟਰੀ ਸੰਮੇਲਨ ਕੀਤਾ ਗਿਆ ਅਤੇ ਐਲਾਨ ਕੀਤਾ ਗਿਆ ਕਿ ਹਰ ਸਾਲ 1 ਮਈ ਸ਼ਿਕਾਗੋ ਵਿਚ ਮਾਰੇ ਗਏ ਮਜ਼ਦੂਰਾਂ ਦੀ ਯਾਦ ਵਿਚ ਮਜ਼ਦੂਰ ਦਿਵਸ ਮਨਾਇਆ ਜਾਇਆ ਕਰੇਗਾ।

ਮਜ਼ਦੂਰਾਂ ਦੀ ਲਗਨ ਅਤੇ ਮਿਹਨਤ ਦੀ ਬਦੌਲਤ ਹੀ ਅੱਜ ਦੁਨੀਆਂ ਭਰ ਦੇ ਹਰ ਦੇਸ਼ ਹਰ ਖੇਤਰ ਵਿਚ ਵਿਕਾਸ ਕਰ ਰਹੇ ਹਨ। ਸਿਰਫ਼ ਭਾਰਤ ਹੀ ਨਹੀਂ ਦੁਨੀਆਂ ਦੇ ਕਰੀਬ 80 ਦੇਸ਼ਾਂ ਵਿਚ ਇਸ ਦਿਨ ਛੁੱਟੀ ਰਹਿੰਦੀ ਹੈ। ਮਜ਼ਦੂਰ ਦਿਵਸ ਨੂੰ ਮਈ ਦਿਵਸ, ਲੇਬਰ ਡੇਅ, ਕਰਮਚਾਰੀ ਦਿਵਸ ਆਦਿ ਨਾਵਾਂ ਨਾਲ ਵੀ ਮਨਾਇਆ ਜਾਂਦਾ ਹੈ। ਭਾਰਤ ਵਿਚ ਮਜ਼ਦੂਰ ਦਿਵਸ ਮਨਾਉਣ ਦੀ ਸ਼ੁਰੂਆਤ ਸਭ ਤੋਂ ਪਹਿਲਾਂ ਤਾਮਿਲਨਾਡੂ ਦੀ ਰਾਜਧਾਨੀ ਚੇਨਈ ਵਿਚ 1 ਮਈ 1923 ਨੂੰ ਹੋਈ ਸੀ। ਭਾਰਤ ਵਿਚ ਮਦਰਾਸ ਹਾਈਕੋਰਟ ਸਾਹਮਣੇ ਇੱਕ ਵੱਡਾ ਪ੍ਰਦਰਸ਼ਨ ਕੀਤਾ ਗਿਆ ਤੇ ਇਹ ਮੰਗ ਰੱਖੀ ਗਈ ਕਿ ਭਾਰਤ ਵਿਚ ਵੀ 1 ਮਈ ਨੂੰ ਇਸ ਦਿਵਸ ਨੂੰ ਮਜ਼ਦੂਰ ਦਿਵਸ ਵਜੋਂ ਮਨਾਇਆ ਜਾਵੇ ਅਤੇ ਇਸ ਦਿਨ ਦੀ ਛੁੱਟੀ ਕੀਤੀ ਜਾਵੇ।

ਕਿਸੇ ਵੀ ਦੇਸ਼, ਸਮਾਜ, ਸੰਸਥਾ ਅਤੇ ਉਦਯੋਗ ਵਿਚ ਮਜ਼ਦੂਰ ਜਮਾਤ ਦਾ ਬੜਾ ਅਹਿਮ ਰੋਲ ਹੁੰਦਾ ਹੈ। ਕਿਸੇ ਵੀ ਉਦਯੋਗ ਦੀ ਕਾਮਯਾਬੀ ਲਈ ਮਾਲਕ, ਸਰਮਾਇਆ, ਕਾਮੇ ਅਤੇ ਸਰਕਾਰ ਅਹਿਮ ਧਿਰਾਂ ਹੁੰਦੀਆਂ ਹਨ। ਕਾਮਿਆਂ ਤੋਂ ਬਿਨਾਂ ਕੋਈ ਵੀ ਸਨਅਤੀ ਢਾਂਚਾ ਖੜ੍ਹਾ ਨਹੀਂ ਰਹਿ ਸਕਦਾ। ਭਾਰਤੀ ਹਾਲਾਤਾਂ ਵਿਚ ਗੁਰੂ ਨਾਨਕ ਦੇਵ ਜੀ ਨੇ ਆਪਣੇ ਸਮੇਂ ਹੰਕਾਰੀ ਅਤੇ ਲੁਟੇਰੇ ਹਾਕਮ ਮਲਿਕ ਭਾਗੋ ਦੀ ਰੋਟੀ ਨਾਂ ਖਾ ਕੇ ਉਸ ਦਾ ਹੰਕਾਰ ਤੋੜਿਆ ਤੇ ਭਾਈ ਲਾਲੋ ਦੀ ਕਿਰਤ ਨੂੰ ਸਤਿਕਾਰ ਦਿੱਤਾ ਸੀ। ਗੁਰੂ ਨਾਨਕ ਦੇਵ ਜੀ ਨੇ ਗਰੀਬ ਮਜ਼ਦੂਰ ਅਤੇ ਕਾਮੇ ਦਾ ਹਲੀਮੀ ਰਾਜ ਸਥਾਪਿਤ ਕਰਨ ਲਈ ਮਨੁੱਖ ਨੂੰ ਮਨਮੁੱਖ ਤੋਂ ਗੁਰਮੁਖ ਬਨਣ ਦਾ ਸੰਦੇਸ਼ ਦਿੱਤਾ। ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਨੂੰ ਨਾਮ ਜਪਣ, ਕਿਰਤ ਕਰਨ ਤੇ ਵੰਡ ਛਕਣ ਅਤੇ ਦਸਵੰਧ ਕੱਢਣ ਦਾ ਸੰਦੇਸ਼ ਦਿੱਤਾ।

ਅੱਜ ਵੀ ਵਿਕਸਤ ਦੇਸ਼ਾਂ ਸਮੇਤ ਸਾਰੇ ਵਿਸ਼ਵ ਵਿਚ ਹੀ ਕਿਸਾਨ ਤੇ ਕਿਰਤੀ ਔਖਾ ਜੀਵਨ ਬਸਰ ਕਰ ਰਹੇ ਹਨ। ਭਾਰਤ ਵਿਚ ਵਿਸ਼ੇਸ਼ ਕਰਕੇ ਖੇਤੀ ਮਜ਼ਦੂਰ, ਕਿਸਾਨ ਅਤੇ ਛੋਟੇ-ਵੱਡੇ ਕਸਬਿਆਂ ਵਿਚ ਕੰਮ ਕਰਦੇ ਕਿਰਤੀ ਮਜ਼ਦੂਰਾਂ ਲਈ ਜੀਵਨ ਜਿਊਣ ਲਈ ਬਹੁਤੇ ਚੰਗੇ ਸਾਧਨ ਉਪਲਬਧ ਨਹੀਂ ਹਨ। ਕਾਮਿਆਂ ਨੂੰ ਬੈਠਣ, ਅਰਾਮ ਕਰਨ ਤੇ ਪੀਣ ਵਾਲੇ



ਨਿਰਭਰ ਕਰਦੀ ਹੈ। ਉਦਯੋਗਪਤੀ ਮਾਲਕ ਜਾਂ ਪ੍ਰਬੰਧਕ ਸਮਝਣ ਦੀ ਬਜਾਏ ਆਪਣੇ ਆਪ ਨੂੰ ਟਰੱਸਟੀ ਸਮਝਣ। 'ਲੋਕਰਾਜੀ ਢਾਂਚੇ ਵਿਚ ਸਰਕਾਰ ਲੋਕਾਂ ਦੁਆਰਾ ਚੁਣੀ ਜਾਂਦੀ ਹੈ ਤੇ ਲੋਕ ਸਿਆਸੀ ਲੋਕਾਂ ਨੂੰ ਦੇਸ਼ ਦੀ ਵਾਂਗਡੋਰ ਟਰੱਸਟੀ ਦੇ ਰੂਪ ਵਿਚ ਸੌਂਪਦੇ ਹਨ। ਉਹ ਪ੍ਰਬੰਧ ਚਲਾਉਣ ਲਈ ਮਜ਼ਦੂਰਾਂ, ਕਾਮਿਆਂ ਅਤੇ ਕਿਸਾਨਾਂ ਦੀ ਬਿਹਤਰੀ, ਭਲਾਈ ਤੇ ਵਿਕਾਸ, ਅਮਨ ਕਾਨੂੰਨ ਦੀ ਵਿਵਸਥਾ ਬਣਾਏ ਰੱਖਣ ਦੀ ਜ਼ਿੰਮੇਵਾਰੀ ਨਾਲ ਬੱਝੇ ਹੋਏ ਹੁੰਦੇ ਹਨ। ਸਰਕਾਰਾਂ ਦਾ ਮੁੱਖ ਫ਼ਰਜ਼ ਇਹਨਾਂ ਵਰਗਾਂ ਲਈ ਕੁਦਰਤੀ ਨਿਆਂ ਅਤੇ ਅਸੂਲ ਦੇ ਸਿਧਾਂਤ ਅਨੁਸਾਰ ਇਨਸਾਫ਼ ਪ੍ਰਦਾਨ ਕਰਨਾ ਹੁੰਦਾ ਹੈ।

ਪਾਣੀ ਦੀਆਂ ਮੁੱਢਲੀਆਂ ਸਹੂਲਤਾਂ ਨਹੀਂ ਮਿਲਦੀਆਂ। ਵਿਸ਼ਵ ਪ੍ਰਸਿੱਧ ਆਕਸਫੋਰਡ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਭਾਰਤ ਵਿਚ ਇਕ ਤਿਹਾਈ ਅਬਾਦੀ ਗਰੀਬ ਕਿਰਤੀਆਂ ਅਤੇ ਕਿਸਾਨਾਂ ਦੀ ਹੈ ਜੋ ਗਰੀਬੀ ਰੇਖਾ ਤੋਂ ਵੀ ਹੇਠਾਂ ਦੀ ਜ਼ਿੰਦਗੀ ਬਤੀਤ ਕਰ ਰਹੀ ਹੈ, ਉਹਨਾਂ ਦੇ ਜੀਵਨ ਪੱਧਰ ਨੂੰ ਉੱਚਾ ਕਰਨ ਲਈ ਸਰਕਾਰੀ ਤੇ ਗ਼ੈਰ ਸਰਕਾਰੀ ਪੱਧਰ ਤੇ ਹੋਰ ਬਹੁਤ ਉਪਰਾਲੇ ਕਰਨ ਦੀ ਜ਼ਰੂਰਤ ਹੈ।

ਪ੍ਰਸਿੱਧ ਸਮਾਜ ਸ਼ਾਸਤਰੀ ਕਾਰਲ ਮਾਰਕਸ ਨੇ ਕਿਹਾ ਸੀ ਕਿ ਮਜ਼ਦੂਰ ਦਾ ਪਸੀਨਾ ਸੁੱਕਣ ਤੋਂ ਪਹਿਲਾਂ ਉਸ ਨੂੰ ਉਸਦੀ ਮਜ਼ਦੂਰੀ ਮਿਲ ਜਾਣੀ ਚਾਹੀਦੀ ਹੈ। ਇਹੋ ਹੀ ਅਸਲ ਲਫ਼ਜ਼ਾਂ ਵਿਚ ਸਮਾਜਵਾਦ ਹੈ। ਮਹਾਤਮਾ ਗਾਂਧੀ ਨੇ ਕਿਹਾ ਸੀ ਕਿ ਕਿਸੇ ਦੇਸ਼ ਦੀ ਤਰੱਕੀ ਉਸ ਦੇਸ਼ ਦੇ ਕਾਮਿਆ ਅਤੇ ਕਿਸਾਨਾਂ ਉੱਤੇ



• • •

# ਕਿਰਤ ਕਰੋ, ਨਾਮ ਜਪੋ, ਵੰਡ ਛਕੋ।

• • •

## ਗੱਲ ਤਾਂ ਬੱਸ ਵਿਸ਼ਵਾਸ਼ ਦੀ ਹੁੰਦੀ ਹੈ, ਐਵੇਂ ਤਾਂ ਨਹੀਂ ਲੱਖਾਂ ਕਰੋੜਾਂ ਦਾ ਸਮਾਨ ਇਕ ਜਿੰਦਰੇ ਦੇ ਸਹਾਰੇ ਛੱਡਿਆ ਜਾਂਦਾ।

# ਮਿਤੀ 29 ਮਾਰਚ 2025 ਦਿਨ ਸ਼ਨੀਵਾਰ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਚੰਡੀਗੜ੍ਹ ਵਿਖੇ ਹੋਈ












## ਮਿਤੀ 29-03-25 ਨੂੰ ਕਾਰਜਕਾਰਨੀ ਦੀ ਮੀਟਿੰਗ ਸਮੇਂ ਵੱਖ-ਵੱਖ ਬੁਲਾਰੇ ਆਪਣੇ ਵਿਚਾਰ ਪੇਸ਼ ਕਰਦੇ ਹੋਏ ਅਤੇ ਹੇਠਾਂ ਕਾਰਜਕਾਰਨੀ ਦੇ ਮੈਂਬਰ ਸਾਹਿਬਾਨ





ਲੁਬਾਣਾ ਭਾਈਚਾਰੇ ਨਾਲ ਸੰਬੰਧਤ ਪਹਿਲੇ ਇੰਜੀਨੀਅਰ ਇੰਦਰਪਾਲ ਸਿੰਘ ਪੰਜਾਬ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਡਾਇਰੈਕਟਰ ਡਿਸਟ੍ਰੀਬਿਊਸ਼ਨ ਬਣੇ। ਇੰਜੀਨੀਅਰ ਇੰਦਰਪਾਲ ਸਿੰਘ ਪਿੰਡ ਕਲਿਆਣਪੁਰ, ਨਜ਼ਦੀਕ ਜ਼ਹੂਰਾ, ਜ਼ਿਲ੍ਹਾ ਹੁਸ਼ਿਆਰਪੁਰ ਨਾਲ ਮੂਲ ਰੂਪ ਵਿਚ ਸੰਬੰਧਤ ਹਨ ਅਤੇ ਇਸ ਸਮੇਂ ਜਸਵੰਤ ਨਗਰ, ਗੜ੍ਹਾ ਰੋਡ, ਜਲੰਧਰ ਵਿਖੇ ਪੱਕੇ ਤੌਰ 'ਤੇ ਰਹਿ ਰਹੇ ਹਨ। ਇੰਜੀਨੀਅਰ ਇੰਦਰਪਾਲ ਸਿੰਘ ਸਿੱਖ ਪੰਥ ਦੀ ਮਾਣਯੋਗ ਸਖ਼ਸ਼ੀਅਤ ਸਵ: ਗਿਆਨੀ ਚੇਤ ਸਿੰਘ ਜੀ ਸਾਬਕਾ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਦੋਹਤੇ ਹਨ। ਬ ਮ ਸ਼ ਲ ਫਾਊਂਡੇਸ਼ਨ ਇੰਜੀਨੀਅਰ ਇੰਦਰਪਾਲ ਸਿੰਘ ਨੂੰ ਉੱਚ ਅਹੁਦੇ 'ਤੇ ਪਹੁੰਚਣ 'ਤੇ ਹਾਰਦਿਕ ਵਧਾਈ ਦਿੰਦੀ ਹੈ।



ਇੰਜੀਨੀਅਰ ਇੰਦਰਪਾਲ ਸਿੰਘ ਡਾਇਰੈਕਟਰ ਡਿਸਟ੍ਰੀਬਿਊਸ਼ਨ ਪੰਜਾਬ ਪਾਵਰ ਕਾਰਪੋਰੇਸ਼ਨ ਲਿਮਟਿਡ ਪਟਿਆਲਾ ਵਿਖੇ ਅਹੁਦਾ ਸੰਭਾਲਦੇ ਹੋਏ

# ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੀਆਂ ਹਾਲ ਵਿਚ ਹੋਈਆਂ ਚੋਣਾਂ ਵਿਚ ਲੁਬਾਣਾ ਭਾਈਚਾਰੇ ਨਾਲ ਸੰਬੰਧਤ ਤਿੰਨ ਜਿੱਤੇ ਉਮੀਦਵਾਰ ਨੂੰ ਕਾਰਜਕਾਰਨੀ ਕਮੇਟੀ ਵੱਲੋਂ ਸਨਮਾਨਿਤ ਕੀਤਾ ਗਿਆ



ਸ. ਕੁਲਦੀਪ ਸਿੰਘ ਮੁਲਤਾਨੀ ਮੈਂਬਰ ਪਿਹੋਵਾ



ਬੀਬੀ ਜਸਬੀਰ ਕੌਰ ਮਸਾਣਾ ਮੈਂਬਰ ਲਾਡਵਾਂ



ਸ. ਅਮਰਜੀਤ ਸਿੰਘ ਮੈਂਬਰ ਹਰਿਆਣਾ ਸਿੱਖ ਜੁਡੀਸ਼ੀਅਲ ਕਮਿਸ਼ਨ



ਰਜਿੰਦਰ ਸਿੰਘ ਬਰਾੜ੍ਹਾ ਮੈਂਬਰ ਬਰਾੜ੍ਹਾ





ਸ. ਮਹਿੰਦਰ ਸਿੰਘ ਸਾਬਕਾ ਡੀ.ਐਸ.ਪੀ., ਸੀਨੀਅਰ ਮੀਤ ਪ੍ਰਧਾਨ ਬ ਮ ਸ਼ ਲ ਫਾਊਂਡੇਸ਼ਨ
ਅਤੇ ਸ. ਸਿਕੰਦਰ ਸਿੰਘ ਐਨ.ਆਰ.ਆਈ. ਨਿਊਜ਼ੀਲੈਂਡ ਨੂੰ
ਉਨ੍ਹਾਂ ਦੀਆਂ ਸੇਵਾਵਾਂ ਲਈ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ



## ਮਿਤੀ 29 ਮਾਰਚ 2025 ਨੂੰ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਦੌਰਾਨ ਪਿੰਡ ਦਬੁਰਜੀ, ਜਲਾਲਪੁਰ, ਸਲੇਮਪੁਰ ਦੇ ਸਰਪੰਚਾਂ, ਐਮ.ਸੀ. ਬੇਗੋਵਾਲ, ਲੇਖਕ ਸੁਖਵਿੰਦਰ ਸਿੰਘ ਨੂੰ ਸਨਮਾਨਿਤ ਕੀਤਾ ਗਿਆ








ਭਾਈ ਮਨੀ ਸਿੰਘ ਬਲਾਕ ਦੀ ਦੂਸਰੀ ਅਤੇ ਤੀਸਰੀ ਮੰਜ਼ਿਲ ਦੀ ਰੈਨੋਵੇਸ਼ਨ ਦਾ ਕੰਮ ਜੰਗੀ ਪੱਧਰ 'ਤੇ ਚੱਲ ਰਿਹਾ ਹੈ।

# ਜੀਵਨ ਵਿਕਾਸ - ਇਕ ਸੰਘਰਸ਼

ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)

**9. ਜੀਵਨ ਭਰ ਲਈ ਆਨਰੇਰੀ ਟਰੱਸਟ ਪੈਟਰਨ :** ਲੁਬਾਣਾ ਵੈੱਲਫੇਅਰ ਟਰੱਸਟ (ਰਜਿ.) ਕਪੂਰਥਲਾ ਦੀ ਗਵਰਨਿੰਗ ਬਾਡੀ ਦੀ 20.05.2007 ਨੂੰ ਹੋਈ ਮੀਟਿੰਗ ਵਿੱਚ ਜੀਵਨ ਵਿੱਚ ਵਿਸ਼ੇਸ਼ ਪ੍ਰਾਪਤੀਆਂ ਅਤੇ ਟਰੱਸਟ ਪ੍ਰਤੀ ਨਿਸ਼ਕਾਮ ਸੇਵਾ ਲਈ ਦਾਸ ਨੂੰ ਜੀਵਨ ਭਰ ਲਈ ਲੁਬਾਣਾ ਵੈੱਲਫੇਅਰ ਟਰੱਸਟ (ਰਜਿ.) ਦੀ ਮੈਨੇਜਿੰਗ ਕਮੇਟੀ ਦਾ ਆਨਰੇਰੀ ਪੈਟਰਨ ਨਿਯੁਕਤ ਕੀਤਾ ਗਿਆ ਜਿਸ ਲਈ ਮੈਂ ਟਰੱਸਟ ਅਧਿਕਾਰੀਆਂ ਦਾ ਸ਼ੁਕਰਗੁਜ਼ਾਰ ਹਾਂ। ਪ੍ਰਿੰ. ਪ੍ਰੀਤਮ ਸਿੰਘ ਸਰਗੋਧੀਆ ਨੂੰ ਵੀ ਇਹ ਆਨਰੇਰੀ ਆਨਰ ਪ੍ਰਦਾਨ ਕੀਤੀ ਗਈ।

**10. ਪ੍ਰਧਾਨ ਕਰਨਲ ਜੀ.ਬੀ. ਸਿੰਘ ਦਾ ਦੇਹਾਂਤ :** ਲੁਬਾਣਾ ਵੈੱਲਫੇਅਰ ਟਰੱਸਟ ਦੇ ਪ੍ਰਧਾਨ ਕਰਨਲ ਜੀ.ਬੀ. ਸਿੰਘ ਦਾ ਮਿਤੀ 22.1.2012 ਨੂੰ ਦਿਲ ਦੀ ਹਰਕਤ ਬੰਦ ਹੋਣ ਕਾਰਨ ਹੋਇਆ ਅਕਾਲ ਚਲਾਣਾ ਬੜਾ ਦੁਖਦਾਈ ਸਦਮਾ ਅਤੇ ਕਦੇ ਪੂਰਾ ਨਾ ਹੋਣ ਵਾਲਾ ਘਾਟਾ ਸੀ। ਕਰਨਲ ਸਾਹਿਬ ਡਾ. ਰਤਨ ਸਿੰਘ ਅਜਨਾਲਾ ਵੱਲੋਂ ਮਿਲੀ ਦੋ ਲੱਖ ਰੁਪਏ ਦੀ ਗਰਾਂਟ ਅਤੇ ਹੋਰ ਉਗਰਾਹੀ ਕਰਕੇ ਦੋ 20×18 ਵਰਗ ਫੁੱਟ ਆਕਾਰ ਦੇ ਵੱਡੇ ਕਮਰੇ ਤਿਆਰ ਕਰਵਾ ਰਹੇ ਸਨ। ਟਰੱਸਟ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਬਹੁਤ ਸਾਰੇ ਮੈਂਬਰ ਉਨ੍ਹਾਂ ਦੇ ਪਿੰਡ ਨੰਗਲ ਲੁਬਾਣਾ ਵਿਖੇ ਹੋਏ ਸੰਸਕਾਰ ਅਤੇ ਅੰਤਿਮ ਅਰਦਾਸ ਵਿੱਚ ਸ਼ਾਮਿਲ ਹੋਏ। ਟਰੱਸਟ ਦਾ ਕਾਰਜ ਚਲਦਾ ਰੱਖਣ ਲਈ ਸ. ਬਲਕਾਰ ਸਿੰਘ ਧੀਰ ਨੂੰ 25.2.2012 ਨੂੰ ਕਾਰਜਕਾਰੀ ਪ੍ਰਧਾਨ ਨਿਯੁਕਤ ਕੀਤਾ ਗਿਆ।

**11. ਭਵਨ ਦੇ ਮੁਖ ਹਾਲ ਦੀ ਉਸਾਰੀ ਆਰੰਭ :** ਟਰੱਸਟ ਦੇ ਨਵੇਂ ਬਣੇ ਪ੍ਰਧਾਨ ਬਲਕਾਰ ਸਿੰਘ ਧੀਰ ਦੇ ਉਤਸ਼ਾਹ ਸਦਕਾ ਬਾਬਾ ਲੱਖੀ ਸ਼ਾਹ ਲੁਬਾਣਾ ਭਵਨ ਦੇ ਮੁੱਖ ਹਾਲ ਦੀ ਉਸਾਰੀ ਦਾ ਕੰਮ ਮਿਤੀ 4.5.2013 ਨੂੰ ਦਾਸ ਅਤੇ ਪੰਜ ਪਿਆਰਿਆਂ ਵੱਲੋਂ ਨੀਂਹ ਖੁਦਾਈ ਦਾ ਟੱਪ ਲਾ ਕੇ ਆਰੰਭ ਕੀਤਾ ਗਿਆ। ਮੀਟਿੰਗ ਵਿੱਚ ਦੱਸਿਆ ਗਿਆ ਕਿ ਪ੍ਰਧਾਨ ਧੀਰ ਜੀ ਆਪਣੀ ਅਮਰੀਕਾ ਫੇਰੀ ਤੋਂ ਇਕ ਮੋਟੀ ਰਾਸ਼ੀ ਸਹਾਇਤਾ ਵਜੋਂ ਟਰੱਸਟ ਲਈ ਇਕੱਤਰ ਕਰਕੇ ਲਿਆਏ ਹਨ। ਇਸ ਨਾਲ ਅਗਸਤ, 2014 ਤੱਕ ਮੁੱਖ ਹਾਲ ਦੀ ਉਸਾਰੀ ਲੈਂਟਰ ਤੱਕ ਪਹੁੰਚ ਚੁੱਕੀ ਸੀ।

**12. ਪ੍ਰਧਾਨ ਬਲਕਾਰ ਸਿੰਘ ਵੱਲੋਂ ਲਿਆਂਦੀ ਅਮਰੀਕੀ ਸਹਾਇਤਾ ਨਾਲ ਹਾਲ ਲੈਂਟਰ ਮੁਕੰਮਲ :** ਪ੍ਰਧਾਨ ਸ. ਬਲਕਾਰ ਸਿੰਘ ਧੀਰ ਦੇ ਉੱਦਮ ਅਤੇ ਮਿਹਨਤ ਦੀ ਦਾਦ ਦੇਣੀ ਹੋਵੇਗੀ ਜੋ 23.12.2016 ਤੱਕ ਬਾਬਾ ਲੱਖੀ ਸ਼ਾਹ ਲੁਬਾਣਾ ਭਵਨ ਲਈ 660445 ਰੁਪਏ ਦੀ ਵੱਡੀ ਰਾਸ਼ੀ ਅਮਰੀਕੀ ਦਾਨੀ ਸੱਜਣਾਂ ਤੋਂ ਇਕੱਤਰ ਕਰਕੇ ਲਿਆਏ ਹਨ। ਇਸ ਵਿੱਚ ਉਨ੍ਹਾਂ ਦੇ ਬੇਟੇ ਅਮਰਪ੍ਰੀਤ ਸਿੰਘ ਅਤੇ ਦਾਮਾਦ ਸੁਰਿੰਦਰਪਾਲ ਸਿੰਘ ਯੂ.ਐਸ.ਏ. ਨੇ ਭਾਰੀ ਰਾਸ਼ੀਆਂ ਦਾਨ ਵਜੋਂ ਦਿੱਤੀਆਂ ਹਨ। ਉਨ੍ਹਾਂ ਦੋਨਾਂ ਨੂੰ ਭਵਨ ਵਿੱਚ ਚਾਹ ਤੇ ਬੁਲਾ ਕੇ ਸਿਰੋਪਾਉ ਦੇ ਕੇ ਕਰਮਵਾਰ 22.11.2014 ਅਤੇ 10.01.2015 ਨੂੰ ਸਨਮਾਨਿਤ ਕੀਤਾ ਗਿਆ ਅਤੇ ਪ੍ਰੈੱਸ ਵਿੱਚ ਖਬਰ ਵੀ ਦਿੱਤੀ ਗਈ। ਇਸ ਤੋਂ ਇਲਾਵਾ ਪ੍ਰਧਾਨ ਧੀਰ ਜੀ ਦੇ ਆਪਣੇ ਵੱਲੋਂ ਅਤੇ ਆਪਣੀ ਧਰਮ ਪਤਨੀ ਸਰਦਾਰਨੀ ਬਿਮਲ ਕੌਰ ਵੱਲੋਂ ਟਰੱਸਟ ਨੂੰ ਦਾਨ ਕੀਤੀ ਗਈ ਸਹਾਇਤਾ ਦੀ ਮਿਤੀ 8.8.2017 ਤੱਕ ਬਣਦੀ ਰਾਸ਼ੀ 1,83,500 ਰੁਪਏ ਹੋ ਗਈ ਹੈ। ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਨਾਲ ਚਿੱਠੀ ਪੱਤਰ ਕਰਕੇ ਅਤੇ ਟਰੱਸਟ ਦੀ ਫਾਊਂਡੇਸ਼ਨ ਨਾਲ ਐਫਲੀਏਸ਼ਨ ਕਰਨ ਤੋਂ ਬਾਅਦ ਫਾਊਂਡੇਸ਼ਨ ਵੱਲੋਂ ਇਕ ਲੱਖ ਰੁਪਏ ਦੀ ਸਹਾਇਤਾ ਬਾਬਾ ਲੱਖੀ ਸ਼ਾਹ ਲੁਬਾਣਾ ਭਵਨ ਦੀ ਉਸਾਰੀ ਲਈ ਮਿਤੀ 17.1.2015 ਨੂੰ ਪਹੁੰਚ ਗਈ ਸੀ। ਬਹੁਤ ਦੇਰ ਪਹਿਲਾਂ 24.12.2002 ਨੂੰ ਇਕ ਹੋਰ ਅਮਰੀਕੀ ਦਾਨੀ ਸੱਜਣ ਬਲਵਿੰਦਰ ਸਿੰਘ ਅਮਰੀਕਾ ਨਿਵਾਸੀ ਅਤੇ ਸਵਰਗੀ ਮਾਨ ਸਿੰਘ ਇੰਸਪੈਕਟਰ ਦੇ ਕਰੀਬੀ ਰਿਸ਼ਤੇਦਾਰ ਨੇ ਆਪਣੇ ਬੇਟੇ ਦੇ ਜਨਮ ਦਿਨ ਦੀ ਖੁਸ਼ੀ ਵਿਚ ਪੰਜਾਹ ਹਜ਼ਾਰ ਰੁਪਏ ਭਵਨ ਲਈ ਦਾਨ ਦਿੱਤੇ ਸਨ। ਭਵਨ ਦੇ ਮੁਖ ਹਾਲ ਦਾ ਲੈਂਟਰ ਮਿਤੀ 05.01.2015 ਨੂੰ ਪਾ ਦਿੱਤਾ ਗਿਆ ਸੀ। ਦਾਸ ਦੇ ਪਰਿਵਾਰ ਵੱਲੋਂ ਹੁਣ ਤੱਕ ਲੁਬਾਣਾ ਵੈੱਲਫੇਅਰ ਟਰੱਸਟ (ਰਜਿ.) ਕਪੂਰਥਲਾ ਨੂੰ ਇਕ ਲੱਖ ਰੁਪਏ ਦੀ ਨਿਗੂਣੀ ਜਿਹੀ ਸਹਾਇਤਾ ਭੇਂਟ ਕੀਤੀ ਗਈ ਹੈ।

**(ਚਲਦਾ)**

**ਦੁਨੀਆਂ ਇਕ ਅਜਿਹੀ ਕਚਹਿਰੀ ਹੈ, ਜਿਥੇ ਹਰ ਰੋਜ਼ ਹਰ ਕੋਈ ਸਫ਼ਾਈ ਦਿੰਦਾ ਹੀ ਨਜ਼ਰ ਆਉਂਦਾ ਹੈ।**

# ਜ਼ਰੂਰੀ ਹੈ ਮਾਪਿਆਂ ਦਾ ਬੱਚਿਆਂ ਨਾਲ ਵਕਤ ਬਿਤਾਉਣਾ



ਮਨੁੱਖ ਨੂੰ ਵੱਧਣ ਫੁੱਲਣ, ਖੁਸ਼ਹਾਲ ਰਹਿਣ ਲਈ ਜਿੰਨੀ ਸਾਹ, ਖਾਣੇ ਪਾਣੀ, ਦੀ ਜ਼ਰੂਰਤ ਹੈ ਓਨੀਂ ਹੀ ਮਾਨਸਿਕ ਸਿਹਤ ਲਈ ਅਪਣੱਤ, ਪਿਆਰ, ਮੋਹ ਦੀਆਂ ਤੰਦਾਂ ਦੀ ਵੀ ਲੋੜ ਰਹਿੰਦੀ ਹੈ। ਭਾਵਨਾਵਾਂ ਦੇ ਵਹਾਅ ਨੂੰ ਚੱਲਦਾ ਰੱਖਣ ਲਈ ਆਪਣਿਆਂ ਲਈ ਥੋੜ੍ਹਾ ਜਿਹਾ ਪਿਆਰ, ਸਤਿਕਾਰ, ਪਰਵਾਹ, ਫਿਕਰ ਵੀ ਜ਼ਰੂਰੀ ਹੈ। ਇਹ ਸਾਰੀਆਂ ਭਾਵਨਾਵਾਂ ਹੱਸੇ ਠੱਠੇ, ਰੁੱਸਣਾ ਮਨਾਉਣਾ ਮਨੱਖੀ ਜੀਵਨ ਵਿੱਚ ਤਾਜ਼ਗੀ ਬਣਾਈ ਰੱਖਣ ਲਈ ਬਹੁਤ ਜ਼ਰੂਰੀ ਹਨ। ਪਿਆਰ, ਸਨੇਹ ਦੀ ਗੱਲਾਂ ਜਿੱਥੇ ਸਹਿਮੇ ਹੋਏ ਦਿਲਾਂ ਨੂੰ ਧਰਵਾਸ ਦੇ ਫਿਰ ਤੋਂ ਧੜਕਣਾਂ ਲਾ ਦਿੰਦੀਆਂ ਉੱਥੇ ਜ਼ਿੰਦਗੀ ਤੋਂ ਮੂੰਹ ਫੇਰੀ ਬੈਠਿਆ ਨੂੰ ਦੁਬਾਰਾ ਜੀਣ ਲਈ ਉਕਸਾਉਂਦੀਆਂ ਹਨ।

ਅਸੀਂ ਤਰੱਕੀ ਦੇ ਰਾਹ ਤੇ ਤੁਰ ਰਹੇ ਹਾਂ, ਇਸਦੇ ਚੱਲਦਿਆਂ ਸਾਡਾ ਜੀਵਨ ਜਿਉਣ ਦੇ ਢੰਗ ਬਦਲ ਰਹੇ ਹਨ, ਸਾਡੀਆਂ ਕਦਰਾਂ ਕੀਮਤਾਂ ਬਦਲ ਰਹੀਆਂ ਹਨ ਅਤੇ ਸਾਡੀਆਂ ਤਰਜੀਹਾਂ ਬਦਲ ਰਹੀਆਂ ਹਨ। ਤਿਉਹਾਰਾਂ ਨੂੰ ਮਨਾਉਣ ਦੇ ਤਰੀਕੇ ਬਦਲ ਰਹੇ ਹਨ, ਬੱਚਿਆਂ ਦੀਆਂ ਖੇਡਾਂ ਬਦਲ ਰਹੀਆਂ ਹਨ, ਸਭ ਤੋਂ ਵੱਡੀ ਗੱਲ ਇਨਸਾਨੀ ਸੁਭਾਅ ਬਦਲ ਰਹੇ ਹਨ। ਅੱਜ ਮਨੁੱਖ ਆਪਣੀ ਤਰੱਕੀ, ਪੈਸੇ ਨੂੰ ਤਰਜੀਹ ਦੇ ਰਿਹਾ ਹੈ, ਇਸ ਦੌੜ ਵਿੱਚ ਉਹ ਪਿੱਛੇ ਕੀ ਕੁਝ ਛੱਡੀ ਜਾ ਰਿਹਾ ਹੈ, ਉਸਦਾ ਅਹਿਸਾਸ ਉਸਨੂੰ ਸਮਾਂ ਲੰਘੇ ਤੋਂ ਹੋ ਰਿਹਾ ਹੈ ਤੇ ਕੁਝ ਨੂੰ ਹੋਵੇਗਾ।

ਯੂਨੀਸੈੱਫ (UNICEF) ਦੇ ਇੱਕ ਸਰਵੇਖਣ ਦੇ ਅਨੁਸਾਰ ਆਉਣ ਵਾਲਾ ਸਮਾਂ ਬੱਚਿਆਂ ਦੀ ਮਾਨਸਿਕ ਸਿਹਤ ਲਈ ਬਹੁਤ ਚਨੌਤੀਆਂ ਭਰਭੂਰ ਹੋਵੇਗਾ, ਇਸ ਸਰਵੇਖਣ ਦੀ ਰਿਪੋਰਟ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਨਬਾਲਗ ਅਤੇ ਬਾਲਗ ਬੱਚੇ ਇਕੱਲਤਾ ਦੇ ਸ਼ਿਕਾਰ ਹੋ ਮਾਨਸਿਕ ਬਿਮਾਰੀਆਂ ਨਾਲ ਜੂਝਣਗੇ ਜਿਸ ਦਾ ਸਭ ਦਾ ਸਭ ਤੋਂ ਵੱਡਾ ਕਾਰਣ ਪਰਿਵਾਰ ਵਿੱਚ ਸੰਚਾਰ ਪਾੜਾ (Commuincaiton Gap) ਹੋਵੇਗਾ। ਜੋ ਇਸ ਸਰਵੇਖਣ ਵਿੱਚ ਸੰਕੇਤ ਦਿੱਤੇ ਗਏ ਹਨ, ਉਸਦੇ ਚਿੰਨ ਸਾਨੂੰ ਨਜ਼ਰ ਆ ਰਹੇ ਹਨ। ਅੱਜ ਬਹੁਤ ਸਾਰੇ ਮਾਪੇ ਆਪਣੇ ਬੱਚਿਆਂ ਦੀ ਬੇਰੁਖੀ, ਅਨੁਸ਼ਾਸਣਹੀਣਤਾ, ਖਾਣਾ ਨਾ ਖਾਣ, ਮੋਬਾਇਲ ਜ਼ਿਆਦਾ ਵਰਤਣ, ਆਦਿ ਆਦਤਾਂ ਤੋਂ ਪਰੇਸ਼ਾਨ ਨਜ਼ਰ ਆਉਂਦੇ ਹਨ। ਬਹੁਤ ਸਾਰੇ ਬੱਚੇ ਮਾਨਸਿਕ ਬਿਮਾਰੀਆਂ ਨਾਲ ਜੂਝ ਰਹੇ ਹਨ, ਕਈ ਵਾਰ ਇਹ ਬਿਮਾਰੀਆਂ ਆਪਣੀ ਆਖਰੀ ਹੱਦ ਤੱਕ ਪਹੁੰਚ ਜਾਂਦੀਆਂ ਹਨ ਅਤੇ ਆਤਮਹੱਤਿਆ ਦੇ ਰੂਪ ਵਿੱਚ ਜਵਾਨ ਬੱਚੇ ਬੱਚੀਆਂ ਦੇ ਜੀਵਨ ਨੂੰ ਖਾ ਜਾਂਦੀਆਂ ਹਨ।

ਇਹਨਾਂ ਸਭ ਹਲਾਤਾਂ ਦਾ ਮੁੱਖ ਕਾਰਨ ਬੱਚਿਆਂ ਨੂੰ ਅਪਣੱਤ ਦੀ ਪਈ ਘਾਟ ਹੈ। ਭਾਵੇਂ ਮਾਪੇ ਆਪਣੇ ਅਤੇ ਆਪਣੇ ਬੱਚੇ ਦੇ ਸੁਖਦ ਤੇ ਐਸ਼ੋ ਆਰਾਮ ਲਈ ਦਿਨ ਰਾਤ ਮਿਹਨਤ ਕਰਦੇ ਹੋਣ, ਪਰ ਇਸ ਸਭ ਦੇ ਚੱਲਦਿਆਂ ਬੱਚਿਆਂ ਦੀਆਂ ਭਾਵਨਾਤਮਕ ਲੋੜਾਂ ਨੂੰ ਅੱਖੋਂ ਪਰੋਖਿਆਂ ਕਰ ਦਿੰਦੇ ਹਨ। ਮਾਪੇ ਸਵੇਰ ਤੋਂ ਦਫਤਰਾਂ ਵਿੱਚ ਬੱਚੇ ਸਕੂਲ ਵਿੱਚ, ਸ਼ਾਮ ਨੂੰ ਖਾਣਾ ਖਾ ਸਾਰੇ ਆਪੋ ਆਪਣਿਆਂ ਕਮਰਿਆਂ ਵਿੱਚ ! ਅੱਜ ਬਹੁਤਾਤ ਜ਼ਿੰਦਗੀਆਂ ਇਸੇ ਰੂਟੀਨ ਦੇ ਅਨੁਸਾਰ ਚੱਲ ਰਹੀਆਂ ਹਨ।

ਪਰਿਵਾਰਾਂ ਦਾ ਆਪਸ ਵਿੱਚ ਬੈਠ ਗੱਲਾਂ ਕਰਨੀਆਂ, ਹਾਸੇ ਠੱਠੇ, ਰਿਸ਼ਤੇਦਾਰਾਂ ਦਾ ਇਕੱਠੇ ਹੋਣਾ, ਇੱਕ ਦੂਸਰਿਆਂ ਦੀਆਂ ਮੁਸ਼ਕਿਲਾਂ ਨੂੰ ਸੁਣਨਾ, ਸਮਝਣਾ, ਆਦਿ ਸਭ ਪਿੱਛੇ ਛੁੱਟਦਾ ਜਾ ਰਿਹਾ ਹੈ। ਇਸ ਸਭ ਵਿੱਚ ਬੱਚੇ ਸਭ ਤੋਂ ਵੱਡੀ ਮੁਸ਼ਕਲ ਦਾ ਸਾਹਮਣਾ ਕਰ ਰਹੇ ਹਨ। ਬੱਚਿਆਂ ਨੂੰ ਮਾਪਿਆਂ ਦੇ ਸਮੇਂ ਅਤੇ ਸਾਥ ਦੀ ਬਹੁਤ ਜ਼ਰੂਰਤ ਹੁੰਦੀ ਹੈ। ਜੇਕਰ ਮਾਪੇ ਆਪਣੇ ਬੱਚੇ ਨੂੰ ਸਮਾਂ ਨਹੀਂ ਦੇ ਰਹੇ ਤਾਂ ਮਾਪਿਆਂ ਕੋਲ ਬੱਚੇ ਤੋਂ ਕਿਸੇ ਵੀ ਤਰ੍ਹਾਂ ਦੀ ਆਸ ਰੱਖਣ ਅਤੇ ਉਸਦੇ ਗਲਤ ਵਿਵਹਾਰ ਦੀ ਚਿੰਤਾਂ ਜ਼ਾਹਿਰ ਕਰਨ ਦਾ ਕੋਈ ਹੱਕ ਨਹੀਂ ਰਹਿ ਜਾਂਦਾ। ਬੱਚੇ ਨੂੰ ਪੂਰਾ ਸਮਾਂ ਦੇਣਾ, ਉਸਦੀਆਂ ਆਰਥਿਕ ਅਤੇ ਭਾਵਨਾਤਮਿਕ ਜਰੂਰਤਾਂ ਦਾ ਧਿਆਨ ਰੱਖਣਾ, ਉਸਦੀਆਂ ਮੁਸ਼ਕਿਲਾਂ ਨੂੰ ਸੁਣਨਾ ਤੇ ਹੱਲ ਕਰਨਾ, ਮਾਪਿਆਂ ਦੀ ਪਹਿਲੀ ਜ਼ਿੰਮੇਵਾਰੀ ਹੈ। ਜਿਸ ਤੇਜ਼ ਰਫ਼ਤਾਰ ਨਾਲ ਮਾਨਸਿਕ ਬਿਮਾਰੀਆਂ ਵੱਧ ਰਹੀਆਂ ਹਨ, ਅਜਿਹੇ ਵਿੱਚ ਮੈਨੂੰ ਲੱਗਦਾ ਹੈ ਕਿ ਚਾਰ ਪੈਸੇ ਘੱਟ ਨਾਲ ਤਾਂ ਗੁਜ਼ਾਰਾ ਹੋ ਸਕਦਾ ਪਰੰਤੂ ਜਿਸ ਪੀੜਾ ਵਿੱਚ ਬੱਚੇ ਨਿਕਲਦੇ ਹਨ, ਉਹ ਬਹੁਤ ਭਿਆਨਕ ਹੈ। ਬੱਚਿਆਂ ਦਾ ਜ਼ਿੰਦਗੀ ਸ਼ੁਰੂ ਹੋਣ ਤੋਂ ਪਹਿਲਾਂ ਹੀ ਜੀਵਨ ਤੋਂ ਮਨ ਚੁੱਕਿਆ ਜਾਂਦਾ ਹੈ, ਉਦਾਸ, ਚਿੰਤਾਤੁਰ , ਮੁਰਝਾਏ ਚਿਹਰਿਆਂ ਤੋਂ ਰੌਣਕਾਂ ਉੱਡੀਆਂ ਰਹਿੰਦੀਆਂ ਹਨ। ਇਸਦਾ ਇੱਕ ਹੋਰ ਕਾਰਣ ਵੀ ਹੈ, ਜਿਸ ਵਿੱਚ ਮਾਪੇ ਬੱਚਿਆਂ ਤੋਂ ਬਹੁਤ ਜਿਆਦਾ ਇਛਾਵਾਂ ਰੱਖ ਲੈਂਦੇ ਹਨ, ਪਰ ਉਹਨਾਂ ਨੂੰ ਪੂਰਿਆਂ ਕਰਨ ਲਈ ਉਹਨਾਂ ਦਾ ਸਾਥ ਨਹੀਂ ਦਿੱਤਾ ਜਾਂਦਾ ਬਸ ਨਤੀਜੇ ਮੰਗੇ ਜਾਂਦੇ ਹਨ। ਇਸ ਨਾਲ ਬੱਚਿਆਂ ਤੇ ਮਾਨਸਿਕ ਬੋਝ ਵੱਧਦਾ ਹੈ, ਅਤੇ ਬੱਚੇ ਉਦਾਸ, ਚਿੜਚਿੜੇ ਅਤੇ ਨਾਖੁਸ਼ ਰਹਿਣ ਲੱਗਦੇ ਹਨ।

ਮਾਪਿਆਂ ਨੂੰ ਇਹ ਜ਼ਰੂਰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਬੱਚੇ ਸਿਰਫ਼ ਉਹਨਾਂ ਦੇ ਪਰਿਵਾਰ ਦਾ ਹੀ ਹਿੱਸਾ ਨਹੀਂ ਬਲਕਿ ਸਮਾਜ ਦਾ ਵੀ ਹਿੱਸਾ ਹਨ। ਅਜਿਹੇ ਬੱਚੇ ਜੋ ਮਾਨਸਿਕ ਤੌਰ ’ਤੇ ਪਰੇਸ਼ਾਨ ਹੋਣਗੇ ਉਹ ਭਵਿੱਖ ਵਿੱਚ ਇੱਕ ਚੰਗੇ ਸਮਾਜ ਦਾ ਨਿਰਮਾਣ ਕਿਵੇਂ ਕਰਨਗੇ? ਇੱਕ ਚੰਗੇ ਸਮਾਜ ਦੀ ਸਿਰਜਣਾ ਲਈ ਚੰਗੇ ਬੱਚਿਆਂ ਦਾ ਹੋਣਾ ਬਹੁਤ ਜ਼ਰੂਰੀ ਹੈ, ਤਾਂ ਜੋ ਭਵਿੱਖ ਵਿੱਚ ਉਹ ਸਮਾਜ ਦੀ ਬਿਹਤਰੀ ਲਈ ਸੋਚ ਸਕਣ। ਬੱਚਿਆਂ ਨੂੰ ਪੈਦਾ ਕਰਨ ਤੋਂ ਬਾਅਦ ਉਹਨਾਂ ਦੀ ਹਰ ਆਰਥਿਕ ਅਤੇ ਭਾਵਨਾਤਮਕ ਲੋੜ ਦਾ ਧਿਆਨ ਰੱਖਿਆ ਜਾਵੇ, ਉਹਨਾਂ ਦੇ ਦਿਲ ਨੂੰ ਫਰੋਲਿਆ ਜਾਵੇ, ਇਹਨਾਂ ਮੁਰਝਾਏ ਚਿਹਰਿਆਂ ਦੀ ਰੰਗਤ ਵਾਪਿਸ ਲਿਆਉਣ ਦਾ ਆਸਾਨ ਤਰੀਕਾ ਇਹੀ ਹੈ ਕਿ ਸਮਾਂ ਰਹਿੰਦਿਆਂ ਬੱਚਿਆਂ ਨੂੰ ਅਪਣੱਤਾ ਨਾਲ ਪਾਲਿਆ ਜਾਵੇ, ਉਹਨਾਂ ਦੀ ਹੌਸਲਾ ਅਫਜਾਈ ਕੀਤੀ ਜਾਵੇ, ਚੰਗੇ ਮਾੜੇ ਦੀ ਪਰਖ ਕਰਨੀ ਸਿਖਾਈ ਜਾਵੇ ਤੇ ਹਰ ਕਦਮ ਤੇ ਉਹਨਾਂ ਦਾ ਸੁਰੱਖਿਆ ਕਵਚ ਬਣ ਨਾਲ ਖੜਿਆ ਜਾਵੇ। ਇਸ ਲਈ ਮਾਪਿਆਂ ਦਾ ਬੱਚਿਆਂ ਨਾਲ ਸਮਾਂ ਬਿਤਾਉਣਾ ਬਹੁਤ ਜ਼ਰੂਰੀ ਹੈ, ਤਾਂ ਜੋ ਬੱਚਿਆਂ ਦਾ ਸਰਵਪੱਖੀ ਵਿਕਾਸ ਸੰਭਵ ਹੋ ਸਕੇ।

**ਹਰਕੀਰਤ ਕੌਰ, ਮੋ. 97791-18066**

**ਘੱਲੂਘਾਰਾ ਦਿਵਸ 'ਤੇ ਵਿਸ਼ੇਸ਼**

# ਛੋਟੇ ਘੱਲੂਘਾਰਾ ਦੇ ਸ਼ਹੀਦਾਂ ਨੂੰ ਪ੍ਰਣਾਮ ਕਰਦਿਆਂ...

**ਭਗਵਾਨ ਸਿੰਘ ਜੌਹਲ**

ਸਿੱਖ ਇਤਿਹਾਸ ਵਿਚ ਛੋਟੇ ਘੱਲੂਘਾਰੇ ਦੇ ਨਾਂਅ ਨਾਲ ਜਾਣਿਆ ਜਾਂਦਾ ਖ਼ੂਨੀ ਸਾਕਾ 1746 ਈ: ਦੇ ਮਈ-ਜੂਨ ਦੇ ਮਹੀਨਿਆਂ ਵਿਚ ਵਾਪਰਿਆ। ਇਤਿਹਾਸਕ ਤੱਥਾਂ ਮੁਤਾਬਿਕ 1745 ਈ: ਦੇ ਜੁਲਾਈ ਮਹੀਨੇ ਵਿਚ ਜ਼ਕਰੀਆ ਖਾਨ ਦੀ ਮੌਤ ਤੋਂ ਪਿੱਛੋਂ ਉਸ ਦਾ ਲੜਕਾ ਯਹੀਆ ਖਾਨ ਲਾਹੌਰ ਦਾ ਸੂਬੇਦਾਰ ਬਣਿਆ। ਉਹ ਆਪਣੇ ਪਿਉ ਨਾਲੋਂ ਵੀ ਵਧ ਕੇ ਜ਼ੁਲਮੀ ਸ਼ਾਸਕ ਸੀ। ਉਸ ਨੇ ਲਖਪਤ ਰਾਏ ਨੂੰ ਆਪਣਾ ਦੀਵਾਨ ਨਿਯੁਕਤ ਕੀਤਾ। ਐਮਨਾਬਾਦ (ਸੈਦਪੁਰ) ਹੁਣ ਪੱਛਮੀ ਪੰਜਾਬ (ਪਾਕਿਸਤਾਨ) ਦੇ ਨੇੜੇ ਗੁਰਦੁਆਰਾ ਰੋੜੀ ਸਾਹਿਬ ਦੇ ਦਰਸ਼ਨਾਂ ਲਈ ਇਕ ਸਿੱਖ ਜਥੇ ਦੀ ਆਮਦ ਦਾ ਲਖਪਤ ਰਾਏ ਨੂੰ ਪਤਾ ਲੱਗਾ। ਉਸ ਨੇ ਇਸ ਜਥੇ ਨੂੰ ਰੋਕਣ ਲਈ ਆਪਣੇ ਭਰਾ ਜਸਪਤ ਰਾਏ ਦੀ ਅਗਵਾਈ ਵਿਚ ਇਕ ਫ਼ੌਜੀ ਟੁਕੜੀ ਲਾਹੌਰ ਤੋਂ ਭੇਜੀ। ਇਸ ਸਿੱਖ ਜਥੇ ਨੂੰ ਐਮਨਾਬਾਦ ਤੋਂ 25 ਕਿਲੋਮੀਟਰ ਦੂਰ ਪਿੰਡ ਬਦੋਲੀ ਗੁਸਾਈਆਂ ਨੇੜੇ ਰੋਕਣ ਦਾ ਯਤਨ ਕੀਤਾ ਗਿਆ। ਇਹ ਘਟਨਾ 1746 ਈ: ਦੇ ਆਰੰਭ ਦੀ ਹੈ, ਸਿੱਖ ਜਥਾ ਲੜਨਾ ਨਹੀਂ ਸੀ ਚਾਹੁੰਦਾ, ਉਹ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਅਸਥਾਨ ਦੇ ਦਰਸ਼ਨਾਂ ਲਈ ਹੀ ਪੁੱਜਣਾ ਚਾਹੁੰਦੇ ਸਨ। ਪਰ ਜਸਪਤ ਰਾਏ ਨੇ ਇਕ ਵੀ ਨਾ ਸੁਣੀ। ਇਸ ਝੜਪ ਵਿਚ ਭਾਈ ਨਿਭਾਹੂ ਸਿੰਘ ਦੇ ਨਾਂਅ ਦੇ ਇਕ ਸਿੱਖ ਯੋਧੇ ਨੇ ਹਾਥੀ ਦੀ ਪੂਛ ਫੜ ਕੇ ਹੌਦੇ ਵਿਚ ਬੈਠੇ ਜਸਪਤ ਰਾਏ ਦਾ ਸਿਰ ਕਲਮ ਕਰ ਦਿੱਤਾ। ਇਸ ਘਟਨਾ ਤੋਂ ਹੀ ਇਸ ਘੱਲੂਘਾਰੇ ਦਾ ਮੁੱਢ ਬੱਝਦਾ ਹੈ। ਲਖਪਤ ਰਾਏ ਨੂੰ ਜਦੋਂ ਭਰਾ ਦੀ ਮੌਤ ਦੀ ਖ਼ਬਰ ਮਿਲੀ ਤਾਂ ਉਸ ਨੇ ਕ੍ਰੋਧ ਵਿਚ ਆ ਕੇ ਫ਼ੌਜਦਾਰ ਯਹੀਆ ਖਾਨ ਦੀ ਹਾਜ਼ਰੀ ਵਿਚ ਪੱਗ ਲਾਹ ਕੇ ਸਹੁੰ ਖਾਧੀ ਕਿ ਹੁਣ ਉਹ ਸਿੱਖੀ ਦਾ ਨਾਮੋ-ਨਿਸ਼ਾਨ ਮਿਟਾ ਦੇਵੇਗਾ।

ਉਸ ਨੇ ਲਾਹੌਰ ਦੇ ਸੂਬੇਦਾਰ ਯਹੀਆ ਖਾਨ ਦੀ ਸਹਿਮਤੀ ਨਾਲ ਲਾਹੌਰ ਫ਼ੌਜ ਤੋਂ ਇਲਾਵਾ ਮੁਲਤਾਨ, ਬਹਾਵਲਪੁਰ ਅਤੇ ਜਲੰਧਰ ਦੇ ਫ਼ੌਜਦਾਰਾਂ ਤੋਂ ਸਹਾਇਤਾ ਮੰਗੀ। ਨਾਲ ਹੀ ਪਹਾੜੀ ਰਾਜਿਆਂ ਨੂੰ ਵੀ ਸੂਚਿਤ ਕੀਤਾ ਕਿ ਸਿੱਖ ਕਿਧਰੇ ਪਹਾੜੀ ਰਿਆਸਤਾਂ ਵੱਲ ਕੂਚ ਨਾ ਕਰ ਜਾਣ। ਸਭ ਤੋਂ ਪਹਿਲਾਂ ਲਾਹੌਰ ਦੇ ਸਾਰੇ ਸਿੱਖਾਂ ਨੂੰ ਫੜ ਕੇ ਕਤਲ ਕਰਨ ਦਾ ਹੁਕਮ ਕੀਤਾ। ਲਾਹੌਰ ਦੇ ਮੁਖੀ ਸੱਜਣਾਂ ਨੇ ਲਖਪਤ ਰਾਏ ਨੂੰ ਬਹੁਤ ਸਮਝਾਇਆ ਪਰ ਉਸ ਦੇ ਕੰਨ 'ਤੇ ਜੂੰ ਨਾ ਸਰਕੀ। ਉਸ ਨੇ ਢੋਲ ਵਜਾ ਕੇ ਐਲਾਨ ਕਰ ਦਿੱਤਾ ਕੋਈ ਸਿੱਖ ਗੁਰਬਾਣੀ ਨਹੀਂ ਪੜ੍ਹੇਗਾ, 'ਗੁੜ' ਸ਼ਬਦ ਦਾ ਉਚਾਰਨ ਨਹੀਂ ਕਰੇਗਾ, ਕਿਉਂਕਿ ਅਜਿਹਾ ਕਰਨ ਨਾਲ ਗੁਰੂ ਯਾਦ ਆਉਂਦਾ ਹੈ। ਗੁੜ ਦੀ ਥਾਂ ਰੋੜੀ ਕਿਹਾ ਜਾਵੇ।

ਸਾਰੇ ਸਿੰਘਾਂ ਨੇ ਗੁਰਮਤਾ ਕਰ ਕਰਕੇ ਯੁੱਧ ਨੀਤੀ ਨੂੰ ਵਿਚਾਰਦਿਆਂ ਗੁਰਦਾਸਪੁਰ ਜ਼ਿਲ੍ਹੇ ਦੇ ਕਾਦੀਆਂ ਕਸਬੇ ਤੋਂ ਅੱਠ ਕਿਲੋਮੀਟਰ ਦੂਰ ਕਾਹਨੂੰਵਾਨ ਦੇ ਛੰਭ ਵਿਚ ਡੇਰੇ ਲਾ ਲਏ। ਇਹ ਛੰਭ ਸੰਘਣਾ ਜੰਗਲ ਪਹਿਲਾਂ ਵੀ ਮੁਸੀਬਤ ਸਮੇਂ ਸਿੰਘਾਂ ਦੀ ਲੁਕਣਗਾਹ ਸੀ। ਲਖਪਤ ਰਾਏ ਨੇ ਲਾਹੌਰ ਤੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਸਿੱਖਾਂ ਦਾ ਬਹੁਤ ਨੁਕਸਾਨ ਕੀਤਾ। ਹੁਣ ਉਸ ਨੇ ਕਾਹਨੂੰਵਾਨ ਦੇ ਛੰਭ ਨੂੰ ਘੇਰਨ ਦਾ ਹੁਕਮ ਦਿੱਤਾ। ਇਸ ਕੰਡਿਆਂ, ਝਾੜੀਆਂ ਦੇ ਜੰਗਲ ਵਿਚ ਸਿੰਘ ਭੁੱਖਣ-ਭਾਣੇ ਦੁਸ਼ਮਣ ਨਾਲ ਗੁਰੀਲਾ ਢੰਗ ਨਾਲ ਲੜਦੇ ਰਹੇ। ਸਿੰਘਾਂ ਕੋਲ ਲਖਪਤ ਰਾਏ ਦੇ ਮੁਕਾਬਲੇ ਦਾ ਕੋਈ ਤੋਪਖਾਨਾ ਵੀ ਨਹੀਂ ਸੀ, ਨਾ ਹੀ ਹਥਿਆਰ। ਸਿੰਘਾਂ ਨੂੰ ਜੰਗਲ ਵਿਚ ਰਹਿਣ ਦੀ ਜਾਚ ਸੀ। ਲਖਪਤ ਰਾਏ ਨੇ ਪਹਿਲਾਂ ਜੰਗਲ ਕੱਟ ਕੇ ਤੋਪਾਂ ਲਈ ਰਸਤਾ ਬਣਾਇਆ ਅਤੇ ਨਾਲ ਹੀ ਜੰਗਲ ਨੂੰ ਅੱਗ ਲਾ ਦਿੱਤੀ। ਛੰਭ ਵਿਚ ਪੰਜ ਹਜ਼ਾਰ ਸਿੱਖਾਂ 'ਤੇ ਮੁਸੀਬਤ ਦਾ ਪਹਾੜ ਟੁੱਟ ਪਿਆ।

ਸਿੰਘਾਂ ਲਈ ਇਹ ਘੋਰ ਬਿਪਤਾ ਦਾ ਸਮਾਂ ਸੀ, ਪਰ ਫਿਰ ਵੀ ਮੁਗਲ ਸੈਨਾ ਦਾ ਟਾਕਰਾ ਉਨ੍ਹਾਂ ਬੜੀ ਬਹਾਦਰੀ ਨਾਲ ਕੀਤਾ। ਛੰਭ ਛੱਡ ਕੇ ਜਾਣ ਦਾ ਕੋਈ ਰਸਤਾ ਨਹੀਂ ਸੀ। ਲਖਪਤ ਰਾਏ ਦੀਆਂ ਫ਼ੌਜਾਂ ਮਾਰੋ-ਮਾਰ ਕਰਦੀਆਂ ਆ ਰਹੀਆਂ ਸਨ। ਇਸ ਘੇਰੇ ਵਿਚ ਮੁਖੀ ਜਰਨੈਲਾਂ ਵਿਚ ਨਵਾਬ ਕਪੂਰ ਸਿੰਘ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸ. ਸੁੱਖਾ ਸਿੰਘ ਮਾੜੀ ਕੰਬੋਕੀ, ਸ: ਗੁਰਦਿਆਲ ਸਿੰਘ ਡੱਲੇਵਾਲ ਆਦਿ ਅਗਵਾਈ ਕਰ ਰਹੇ ਸਨ।

ਲਖਪਤ ਰਾਏ ਦੇ ਨਾਮੀ ਜਰਨੈਲ ਇਸ ਯੁੱਧ ਵਿਚ ਮਾਰੇ ਗਏ। ਕੁਝ ਸਿੰਘਾਂ ਨੇ ਬਚ ਕੇ ਲੰਮਾ ਸਫ਼ਰ ਤੈਅ ਕਰਕੇ ਰਾਵੀ ਦਰਿਆ ਪਾਰ ਕਰਕੇ ਕਠੂਆ ਤੇ ਬਸੌਲੀ ਵੱਲ ਮੂੰਹ ਕੀਤਾ, ਪਰ ਅੱਗੋਂ ਪਹਾੜੀ ਰਾਜਿਆਂ ਨੇ ਵੀ ਗੋਲੀਆਂ ਨਾਲ ਸਵਾਗਤ ਕੀਤਾ। ਇਸ ਲੜਾਈ ਵਿਚ ਸੱਤ ਹਜ਼ਾਰ ਸਿੰਘ ਸ਼ਹਾਦਤ ਪ੍ਰਾਪਤ ਕਰ ਗਏ। ਤਿੰਨ ਹਜ਼ਾਰ ਸਿੰਘਾਂ ਨੂੰ ਫੜ ਕੇ ਲਾਹੌਰ ਦੇ ਨਖਾਸ ਚੌਕ ਵਿਚ ਸ਼ਹੀਦ ਕੀਤਾ ਗਿਆ। ਕੁਝ ਕੁ ਸਿੰਘ ਮਾਲਵੇ ਵੱਲ ਤੇ ਕੁਝ ਕੁ ਪਹਾੜਾਂ ਵੱਲ ਨਿਕਲ ਗਏ। ਪਹਿਲਾਂ ਇਸ ਯੁੱਧ ਨੂੰ ਕੇਵਲ ਘੱਲੂਘਾਰਾ ਹੀ ਕਿਹਾ ਜਾਂਦਾ ਸੀ ਪਰ ਇਸ ਤੋਂ 16 ਸਾਲ ਤੋਂ ਪਿੱਛੋਂ 1762 ਈ: ਵਿਚ ਕੁੱਪ-ਰੋਹੀੜਾ ਦੇ ਅਸਥਾਨ 'ਤੇ ਹੋਏ ਵੱਡੇ ਘੱਲੂਘਾਰੇ ਤੋਂ ਬਾਅਦ ਇਸ ਨੂੰ ਛੋਟਾ ਘੱਲੂਘਾਰਾ ਕਿਹਾ ਜਾਣ ਲੱਗਾ। ਇਸ ਤਰ੍ਹਾਂ ਪਹਿਲੀ ਵਾਰ ਸਿੱਖਾਂ ਦਾ ਏਨਾ ਜਾਨੀ ਨੁਕਸਾਨ ਹੋਇਆ। ਲਖਪਤ ਰਾਏ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਾਵਨ ਹੱਥ ਲਿਖਤ ਬੀੜਾਂ ਨੂੰ ਵੀ ਸਾੜਿਆ ਅਤੇ ਗੁਰਧਾਮਾਂ ਦਾ ਵੀ ਰੱਜ ਕੇ ਨੁਕਸਾਨ ਕੀਤਾ। ਪੰਜਾਬ ਸਰਕਾਰ ਵੱਲੋਂ ਘੱਲੂਘਾਰਾ ਦੇ ਅਸਥਾਨ 'ਤੇ ਯਾਦਗਾਰ ਦੀ ਉਸਾਰੀ ਕੀਤੀ ਗਈ ਹੈ।

**-ਮੋਬਾ: 98143-24040**

# ਸਾਈਬਰ ਅਪਰਾਧੀਆਂ ਦਾ ਫੈਲਦਾ ਜਾਲ

ਜੇ ਗੱਲ ਕੀਤੀ ਜਾਵੇ ਸਾਡੇ ਵਿਗਿਆਨ ਜਾਂ ਤਕਨਾਲੋਜੀ ਦੀ ਤਾਂ ਸਾਨੂੰ ਇਹ ਜਾਣ ਕੇ ਬਹੁਤ ਹੈਰਾਨੀ ਹੁੰਦੀ ਹੈ ਕਿ ਦੁਨੀਆ ’ਤੇ ਹੁਣ ਕੁਝ ਵੀ ਅਸੰਭਵ ਨਹੀਂ ਰਿਹਾ, ਹਰ ਸਵਾਲ ਦਾ ਉੱਤਰ ਸਮਾਂ ਪਾ ਕੇ ਲੱਭ ਲਿਆ ਜਾਂਦਾ ਹੈ। ਇਕ-ਦੂਜੇ ਤੋਂ ਵਿਕਾਸ ਵਿਚ ਮੋਢੀ ਹੋਣ ਦੀ ਹੋੜ ਨੇ ਦੁਨੀਆ ਨੂੰ ਅਜਿਹੇ ਮੋੜ ’ਤੇ ਲਿਆ ਖੜ੍ਹਾ ਕਰ ਦਿੱਤਾ ਹੈ, ਜਿੱਥੇ ਮਾਨਵ ਆਪਣਿਆਂ ਨਾਲ ਹੀ ਦੋ ਚਾਰ ਹੋ ਰਿਹਾ ਹੈ। ਜੇ ਗੱਲ ਕੀਤੀ ਜਾਵੇ ਯੁੱਧਾਂ ਦੀ ਤਾਂ ਪਹਿਲਾਂ ਤਾਂ ਯੁੱਧ ਮਨਾਂ ਵਿਚ ਲੜੇ ਜਾਂਦੇ ਹਨ। ਫਿਰ ਇਨ੍ਹਾਂ ਨੂੰ ਅਮਲੀ ਰੂਪ ਦੁਨੀਆ ਦੀਆਂ ਤਿੰਨ ਆਰਮੀ ਯੂਨਿਟਾਂ ਦੇ ਰੂਪ ਵਿਚ ਦਿੱਤਾ ਜਾਂਦਾ ਹੈ ਭਾਵ ਹਵਾਈ ਸੈਨਾ, ਜਲ ਸੈਨਾ ਅਤੇ ਥਲ ਸੈਨਾ ਪਰ ਇਨ੍ਹਾਂ ਤੋਂ ਦੁਨੀਆ ਨੂੰ ਜਿੱਤ ਨਾ ਸਕਣ ਵਾਲੇ ਦੇਸ਼ਾਂ ਨੇ ਇਕ ਨਵੀਂ ਯੂਨਿਟ ਤਿਆਰ ਕਰ ਲਈ ਹੈ, ਜਿਸ ਨੂੰ ਅਸੀਂ ਹੈਕਰਾਂ ਦੀ ਸੈਨਾ ਕਹਿ ਸਕਦੇ ਹਾਂ। ਹੈਕਰ ਪੂਰੀ ਦੁਨੀਆ ਵਿਚ ਇਕ ਸੈਨਾ ਦੇ ਰੂਪ ਵਿਚ ਉੱਭਰ ਕੇ ਸਾਹਮਣੇ ਆ ਰਹੇ ਹਨ ਜੋਕਿ ਚੋਟੀ ਦੇ ਵਿਕਾਸਸ਼ੀਲ ਦੇਸ਼ਾਂ ਨੂੰ ਵੀ ਖੋਰਾ ਲਾਉਣ ਦੀ ਤਾਕਤ ਰੱਖਦੇ ਹਨ। ਦੁਨੀਆ ਭਰ ਵਿਚ ਸਾਈਬਰ ਅਪਰਾਧ ਵਧ ਰਹੇ ਹਨ ਅਤੇ ਦੁਨੀਆ ਭਰ ਦੇ ਦੇਸ਼ ਸਾਈਬਰ ਤਾਕਤਾਂ ਨੂੰ ਮਜਬੂਤ ਕਰਨ ਲਈ ਹਰ ਹੀਲੇ ਵਸੀਲੇ ਅਪਣਾ ਰਹੇ ਹਨ। ਹੁਣ ਯੁੱਧ ਸਾਈਬਰ ਸਪੇਸ ’ਤੇ ਲੜੇ ਜਾ ਰਹੇ ਹਨ, ਜੋ ਕਿ ਆਮ ਲੋਕਾਂ ਦੀ ਜਾਣਕਾਰੀ ਤੋਂ ਪਰ੍ਹੇ ਹਨ। ਇੰਟਰਨੈਟ ਦੀ ਦੁਨੀਆ ਸਾਡੀ ਆਮ ਦੁਨੀਆ ਤੋਂ ਪਰੇ ਦੀ ਰਹੱਸਮਈ ਦੁਨੀਆ ਹੈ ਕਿਉਂਕਿ ਅਜੋਕੇ ਸਮੇਂ ਵਿਚ ਮਨੁੱਖ ਦਾ ਪੂਰੀ ਤਰ੍ਹਾਂ ਕੰਪਿਊਟਰੀਕਰਨ ਹੋ ਚੁੱਕਾ ਹੈ। ਇੰਟਰਨੈੱਟ ਦੀ ਵਰਤੋਂ ਨੇ ਹਰ ਇਨਸਾਨ ਦੀ ਅਸਲੀ ਜ਼ਿੰਦਗੀ ਨੂੰ ਆਪਣੇ-ਆਪ ਵਿਚ ਇਕ ਤਰ੍ਹਾਂ ਦਾ ਡਾਟਾ ਬਣਾ ਕੇ ਸਾਂਭ ਕੇ ਰੱਖ ਲਿਆ ਹੈ, ਜੋ ਕਿ ਕਦੀ ਵੀ ਕੋਈ ਤੀਜਾ ਬੰਦਾ ਤਕਨਾਲੋਜੀ ਦੀ ਗ਼ਲਤ ਵਰਤੋਂ ਕਰਕੇ ਚੋਰੀ ਕਰ ਸਕਦਾ ਹੈ ਅਤੇ ਹਰ ਇਨਸਾਨ ਦੇ ਜਾਂ ਦੇਸ਼ ਜਾਂ ਕੰਪਨੀ ਜਾਂ ਸੰਸਥਾ ਦੇ ਚਰਿੱਤਰ ਦੀ ਜਾਣਕਾਰੀ ਲੈ ਸਕਦਾ ਹੈ। ਕੁਝ ਸਮਾਂ ਪਹਿਲਾਂ ਸਾਈਬਰ ਸਕਿਉਰਿਟੀ ਨੂੰ ਲੈ ਕੇ ਕੋਈ ਵੀ ਜ਼ਿਆਦਾ ਸੰਵੇਦਨਸ਼ੀਲਤਾ ਜਾਂ ਚੌਕਸ ਨਹੀਂ ਸੀ। ਪਰ ਸਮੇਂ ਨਾਲ ਸਾਈਬਰ ਕਰਾਈਮ ਵਧ ਰਹੇ ਹਨ, ਜਿਸ ਕਾਰਨ ਦੇਸ਼ਾਂ ਦੀ ਸਾਈਬਰ ਸੁਰੱਖਿਆ ਨੂੰ ਲੈ ਕੇ ਕਾਫੀ ਚਿੰਤਾਵਾਂ ਵਧ ਰਹੀਆਂ ਹਨ। ਜੇਕਰ ਸੂਤਰਾਂ ਦੇ ਹਵਾਲੇ ਦੀ ਗੱਲ਼ ਕਰੀਏ ਤਾਂ ਨੱਬੇ ਦੇ ਦਹਾਕੇ ਵਿਚ ਹੈਕਰਾਂ ਦੇ ਦੌਰ ਦੀ ਸ਼ੁਰੂਆਤ ਹੋਈ ਰੂਸ ਵਿਚ, ਉਸ ਸਮੇਂ ਵਿਚ ਕਾਫੀ ਉੱਚ ਸਿੱਖਿਅਤ ਨੌਜਵਾਨਾਂ ਨੇ ਇੰਟਰਨੈੱਟ ਰਾਹੀਂ ਅਜਿਹੇ ਜਾਲ ਬਣਾਉਣੇ ਸ਼ੁਰੂ ਕੀਤੇ, ਜਿਸ ਨਾਲ ਉਹ ਵੱਡੀਆਂ ਕੰਪਨੀਆਂ ਜਾਂ ਦੇਸ਼ਾਂ ਦਾ ਡਾਟਾ ਮਿਟਾ ਦਿੰਦੇ ਸਨ ਜਾਂ ਚੋਰੀ ਕਰਕੇ ਪੈਸੇ ਕਮਾਉਂਦੇ ਸਨ। ਜੇਕਰ ਹੈਕਿੰਗ ਦੀ ਸਲਤਨਤ ਦੀ ਗੱਲ਼ ਕੀਤੀ ਜਾਵੇ ਤਾਂ ਇਸ ਵਿਚ ਜ਼ਿਆਦਾਤਰ ਬੇਰੁਜ਼ਗਾਰ ਹੁਨਰਮੰਦ ਨੌਜਵਾਨ ਆਪਣੀ ਕਿਸਮਤ ਅਜਮਾਉਂਦੇ ਹਨ ਅਤੇ ਵਿੱਤੀ ਸੰਸਥਾਵਾਂ ਅਤੇ ਬੈਂਕਾਂ ਦੀਆਂ ਸਾਈਟਾਂ ਹੈਕ ਕਰਕੇ ਪੈਸਾ ਵੱਟਦੇ ਹਨ। ਸਾਰੀ ਦੁਨੀਆ ਵਿਚ ਫ੍ਰੀਲਾਂਸ ਹੈਕਰ ਮੌਜੂਦ ਹਨ ਕਈ ਦੇਸ਼ਾਂ ਦੀਆਂ ਸਰਕਾਰਾਂ ਇਨ੍ਹਾਂ ਦੀ ਮਦਦ ਦੂਜੇ ਮੁਲਕਾਂ ਦੀਆਂ ਸਾਈਟਾਂ ਹੈਕ ਕਰਕੇ ਉਨ੍ਹਾਂ ਦਾ ਡਾਟਾ ਚੋਰੀ ਕਰਨ ਅਤੇ ਹੋਰ ਵਿੱਤੀ ਨੁਕਸਾਨ ਲਈ ਕਰਨ ਲਈ ਲੈਂਦੀਆਂ ਹਨ। ਪਰ ਸਰਕਾਰੀ ਤੌਰ ’ਤੇ ਕੋਈ ਵੀ ਦੇਸ਼ ਇਹ ਮੰਨਣ ਲਈ ਤਿਆਰ ਨਹੀਂ ਕਿ ਸਾਡੇ ਵਲੋਂ ਕੋਈ ਸਰਕਾਰੀ ਹੈਕਰਜ਼ ਦੀ ਆਰਮੀ ਤਿਆਰ ਕੀਤੀ ਜਾ ਰਹੀ ਹੈ। ਜੇ ਰੂਸ ਦੀ ਗੱਲ ਕਰੀਏ ਤਾਂ ਰੂਸ ਹੈਕਰਾਂ ਦਾ ਗੜ੍ਹ ਮੰਨਿਆ ਜਾਂਦਾ ਹੈ ਰੂਸ ਦੇ ਹੈਕਰਾਂ ਉੱਪਰ ਅਮਰੀਕਾ ਅਤੇ ਹੋਰ ਪੱਛਮੀ ਦੇਸ਼ਾਂ ਦੀਆਂ ਸਾਈਟਾਂ ’ਤੇ ਹੋਰ ਸਾਈਬਰ ਦਖਲਅੰਦਾਜ਼ੀਆਂ ਕਰਨ ਦੇ ਦੋਸ਼ ਅਕਸਰ ਲੱਗਦੇ ਰਹਿੰਦੇ ਹਨ। ਸਾਲ 2007 ਵਿਚ ਰੂਸ ਦੇ ਹੈਕਰਾਂ ਨੇ ਐਸਟੋਨੀਆਂ ’ਤੇ ਸਾਈਬਰ ਹਮਲਾ ਕੀਤਾ ਅਤੇ ਕੁਝ ਸਮੇਂ ਬਾਅਦ ਗੁਆਂਢੀ ਦੇਸ਼ ਜਾਰਜ਼ੀਆ ’ਤੇ ਵੀ ਸਾਈਬਰ ਅਟੈਕ ਕੀਤਾ ਸੀ। ਜੋ ਵੀ ਹੈਕਿੰਗ ਦੀ ਦੁਨੀਆ ਦੇ ਬਾਦਸ਼ਾਹ ਬਣ ਬੈਠੇ ਹਨ ਉਹ ਭਾਵੇਂ ਫਰੀਲਾਂਸ ਹੈਕਰ ਹਨ ਜਾਂ ਫਿਰ ਕਿਸੇ ਵੀ ਸਰਕਾਰੀ ਜਾਂ ਗ਼ੈਰ-ਸਰਕਾਰੀ ਸੰਸਥਾ ਦੇ ਸਭ ਆਪਣੇ ਆਪ ਵਿਚ ਹੀਰੋ



ਵਾਲਾ ਮਾਣ ਮਹਿਸੂਸ ਕਰਦੇ ਹਨ। ਇਸ ਦੀ ਗਵਾਹੀ ਰੂਸ ਵਿਚ ਛਪਦੀ ਹੈਕਰਸ ਨਾਂਅ ਦੀ ਇਕ ਪੱਤ੍ਰਿਕਾ ਦਿੰਦੀ ਸੀ, ਜਿਸ ਵਿਚ ਹੈਕਰਜ਼ ਆਪਣੇ ਕਿੱਸੇ ਸੁਣਾਉਂਦੇ ਸਨ। ਜੇ ਈਰਾਨ ਦੀ ਗੱਲ਼ ਕੀਤੀ ਜਾਵੇ ਤਾਂ ਇਸ ਨੂੰ ਵੀ ਹੈਕਿੰਗ ਦਾ ਰਾਜਾ ਕਿਹਾ ਜਾਂਦਾ ਹੈ। ਇੱਥੋਂ ਦੇ ਲੋਕ ਪਤ੍ਰਿਭਾਸ਼ਾਲੀ ਬੱਚਿਆਂ ਨੂੰ ਚੁਣ ਕੇ ਸਾਈਬਰ ਸਿੱਖਿਆ ਲਈ ਤਿਆਰ ਕਰਦੇ ਹਨ। ਸਾਈਬਰ ਸਪੇਸ ਵਿਚ ਅਮਰੀਕਾ, ਭਾਰਤ, ਈਰਾਨ, ਚੀਨ, ਰੂਸ, ਉੱਤਰੀ ਕੋਰੀਆ ਅਤੇ ਹੋਰ ਦੇਸ਼ਾਂ ਵਿਚ ਕਾਫੀ ਸਾਈਬਰ ਕਰਾਈਮ ਅਤੇ ਸਾਈਬਰ ਹੈਕਿੰਗ ਜਿਹੇ ਯੁੱਧ ਚਲਦੇ ਰਹਿੰਦੇ ਹਨ। ਸਮਾਰਟਫੋਨ ਤੇ ਇੰਟਰਨੈੱਟ ਨੇ ਦੁਨੀਆ ਨੂੰ ਸਾਡੀ ਮੁੱਠੀ ਵਿਚ ਤਾਂ ਕਰ ਦਿੱਤਾ ਹੈ ਪਰ ਇਹ ਕਿੰਨਾ ਖ਼ਤਰਨਾਕ ਸਾਬਤ ਹੋ ਰਿਹਾ ਹੈ ਇਹ ਅਸੀਂ ਸੋਚ ਵੀ ਨਹੀਂ ਸਕਦੇ। ਅਜੋਕੇ ਸਮੇਂ ਵਿਚ ਦੁਨੀਆ ਭਰ ਦੇ ਹੈਕਰਾਂ ਵਲੋਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ, ਵੱਡੇ ਰਾਜਸੀ ਨੇਤਾਵਾਂ, ਐਕਟਰਾਂ, ਅਤੇ ਹੋਰ ਅਮੀਰਾਂ ਦੇ ਟਵਿੱਟਰ ਅਕਾਊਂਟ, ਫੇਸਬੁੱਕ ਅਕਾਊਂਟ ਅਤੇ ਹੋਰ ਈਮੇਲਜ਼ ਨੂੰ ਹੈਕ ਕਰਕੇ ਪੈਸਿਆਂ ਦੀ ਮੰਗ ਅਕਸਰ ਕੀਤੀ ਜਾਂਦੀ ਹੈ ਜਾਂ ਉਨ੍ਹਾਂ ਦਾ ਗ਼ਲਤ ਇਸਤੇਮਾਲ ਕੀਤਾ ਜਾਂਦਾ ਹੈ। ਆਨਲਾਈਨ ਧੋਖੇਬਾਜ਼ੀਆਂ ਜਾਂ ਜਾਲਸਾਜ਼ੀਆਂ ਰੋਜ਼ਮਰ੍ਹਾ ਦੀ ਜ਼ਿੰਦਗੀ ਦਾ ਹਿੱਸਾ ਬਣ ਗਈਆਂ ਹਨ। ਹੁਣ ਸਭ ਕੰਮ ਆਨਲਾਈਨ ਹੋ ਰਹੇ ਹਨ ਤਾਂ ਧੋਖੇ ਵੀ ਸਾਨੂੰ ਆਨਲਾਈਨ ਹੀ ਦਿੱਤੇ ਜਾ ਰਹੇ ਹਨ। ਸਾਡਾ ਇੰਟਰਨੈੱਟ ਜਾਂ ਸਮਾਰਟਫੋਨ ਹੈਕਰਜ਼ ਨੂੰ ਇਹ ਦੱਸ ਦਿੰਦਾ ਹੈ ਕਿ ਸਾਡਾ ਸ਼ਡਿਊਲ ਕੀ ਹੈ, ਸਾਡੀ ਪਸੰਦ ਅਤੇ ਨਾ ਪਸੰਦ ਕੀ ਹੈ ਅਸੀ ਆਰਥਿਕ ਤੌਰ ’ਤੇ ਕਿੰਨੇ ਕੁ ਮਜ਼ਬੂਤ ਹਾਂ, ਚੌਵੀ ਘੰਟਿਆਂ ਵਿਚ ਅਸੀਂ ਕੀ ਕਰਦੇ ਹਾਂ, ਕਿੱਥੇ ਜਾਂਦੇ ਹਾਂ, ਇੰਟਰਨੈੱਟ ਦੇ ਜ਼ਰੀਏ ਇਹ ਸਭ ਦਰਜ ਕੀਤਾ ਜਾ ਰਿਹਾ ਹੈ ਅਤੇ ਉੱਚ ਸਿੱਖਿਅਤ ਹੈਕਰਜ਼ ਇਸ ਨੂੰ ਬਹੁਤ ਹੀ ਆਸਾਨੀ ਨਾਲ ਘਾਤ ਲਗਾ ਕੇ ਆਪਣੇ ਕਬਜ਼ੇ ਵਿਚ ਕਰ ਲੈਂਦੇ ਹਨ। ਪਲਕ ਛਪਕਦਿਆਂ ਹੀ ਆਨਲਾਈਨ ਧੋਖਾ ਹੋ ਜਾਂਦਾ ਹੈ ਪਰ ਸਾਨੂੰ ਪਤਾ ਨਹੀਂ ਲਗਦਾ। ਸਾਡੇ ਪਾਸਵਰਡ ਯੂਜ਼ਰ ਨਾਂਅ ਅਤੇ ਹੋਰ ਡਾਟਾ ਚੋਰੀ ਕਰਨਾ ਬਹੁਤ ਹੀ ਆਸਾਨ ਹੋ ਗਿਆ ਹੈ। ਕੁਝ ਸੰਸਥਾਵਾਂ ਫ੍ਰੀਲਾਂਸ ਹੈਕਰਾਂ ਨੂੰ ਹਾਇਰ ਕਰਕੇ ਆਨਲਾਈਨ ਧੋਖੇ ਕਰਵਾਉਂਦੀਆਂ ਹਨ। ਸਾਡੇ ਵਲੋਂ ਜੋ ਵੀ ਡਾਟਾ ਆਪਣੇ ਸਮਾਰਟਫੋਨ ਵਿਚ ਦਰਜ਼ ਕੀਤਾ ਜਾਂਦਾ ਹੈ ਭਾਵ ਅਸੀਂ ਕਿੱਥੇ ਜਾ ਰਹੇ ਹਾਂ, ਕਿਹੜਾ ਮੋਬਾਈਲ ਜਾਂ ਸਿਮ ਵਰਤ ਰਹੇ ਹਾਂ ਜਾ ਕਿਸ ਜ਼ਰੀਏ ਖਰੀਦ ਕਰ ਰਹੇ ਹਾਂ, ਕਿਹੜੀਆਂ ਸਾਈਟਾਂ ’ਤੇ ਅਸੀਂ ਵਿਜ਼ਿਟ ਕਰ ਰਹੇ ਹਾਂ। ਕਿਹੜੇ ਸਾਡੇ ਦੋਸਤ-ਮਿੱਤਰ ਹਨ, ਇਹ ਸਭ ਹੈਕਰਜ਼ ਨੂੰ ਅਸੀਂ ਹੀ ਦੱਸ ਰਹੇ ਹਾਂ ਰੋਜ਼ਾਨਾ ਆਪਣੇ ਫੇਸਬੁੱਕ ਜਾ ਟਵਿੱਟਰ ਅਕਾਊਂਟਜ਼ ਜਾਂ ਹੋਰ ਸੋਸ਼ਲ ਸਾਈਟਜ਼ ਦੀ ਵਰਤੋਂ ਕਰਕੇ। ਇੰਟਰਨੈੱਟ ਸੁੱਖਾਂ ਨਾਲ ਭਰਪੂਰ ਤਾਂ ਹੈ ਪਰ ਹੈਕਰਜ਼ ਲਈ ਇਹ ਸਭ ਤੋਂ ਵਧੀਆ ਤੇ ਆਸਾਨ ਤਰੀਕਾ ਹੁੰਦਾ ਹੈ ਕਿਸੇ ਵੀ ਦੇਸ਼, ਵਿਅਕਤੀ, ਜਾਂ ਸੰਸਥਾ ਦੀ ਨਿੱਜੀ ਜਾਣਕਾਰੀ ਪ੍ਰਾਪਤ ਕਰਨ ਉਸ ਵਿਚ ਦਖਲਅੰਦਾਜ਼ੀ ਕਰਨ ਜਾਂ ਡਾਟਾ ਚੋਰੀ ਕਰਨ ਲਈ। ਹਰ ਮਿੰਟ ਲੱਖਾਂ ਕਰੋੜਾਂ ਸਾਈਬਰ ਅਟੈਕ ਹੋ ਰਹੇ ਹਨ, ਜਿਸ ਦਾ ਸਾਨੂੰ ਪਤਾ ਵੀ ਲੱਗਦਾ। ਕਿਉਂਕਿ ਆਨਲਾਈਨ ਅਪਰਾਧਾਂ ਦੇ ਮਾਮਲੇ ਵਧਣ ਨਾਲ ਪੁਲਿਸ ਹਰਕਤ ਵਿਚ ਤਾਂ ਆਈ ਹੈ ਪਰ ਪੁਲਿਸ ਕੋਲ ਤਕਨਾਲੋਜੀ ਦੀ ਕਮੀ ਹੋਣ ਕਾਰਨ ਇਨ੍ਹਾਂ ਵੱਲ ਜ਼ਿਆਦਾ ਧਿਆਨ ਨਹੀਂ ਦਿੱਤਾ ਜਾਂਦਾ। ਆਫ਼ ਲਾਈਨ ਅਪਰਾਧ ਜਲਦੀ ਪਕੜ ਵਿਚ ਆ ਜਾਂਦਾ ਪਰ ਆਨਲਾਈਨ ਅਪਰਾਧ ਹਜ਼ਾਰਾਂ ਕਿਲੋਮੀਟਰ ਦੂਰੋਂ ਕੀਤੇ ਜਾਂਦੇ ਹਨ। ਜੇ ਇਸ ਦਾ ਪਤਾ ਵੀ ਲੱਗ ਜਾਵੇ ਤਾਂ ਚੋਰੀ ਹੋਏ ਪੈਸੇ ਤੋਂ ਜ਼ਿਆਦਾ ਪੈਸਾ ਉਸ ਨੂੰ ਰਿਕਵਰ ਕਰਨ ਵਿਚ ਲੱਗ ਜਾਂਦਾ ਹੈ ਇਸ ਲਈ ਲੋਕ ਇਸ ਨੂੰ ਸਹਿਣ ਵਿਚ ਹੀ ਸਬਰ ਰੱਖਦੇ ਹਨ। ਗੱਲ ਵਿਚਰਾਨਯੋਗ ਹੈ ਕਿ ਆਨਲਾਈਨ ਧੋਖਿਆਂ ਵਿਚ ਕਰੋੜਾਂ ਰੁਪਿਆਂ ਦਾ ਚੂਨਾ ਰੋਜ਼ਾਨਾ ਲੱਗ ਰਿਹਾ ਹੈ ਪਰ ਇਹ ਕਰੋੜਾ ਅਰਬਾਂ ਕਿਹੜੇ ਖਾਤਿਆਂ ਵਿਚ ਜਾਂ ਕਿਹੜੇ ਲੋਕਾਂ ਕੋਲ ਜਾ ਰਿਹਾ ਹੈ ਇਸ ਦਾ ਕੋਈ ਵੀ ਉੱਤਰ ਨਹੀਂ ਹੈ। ਕਿਉਂਕਿ ਵੱਡੀਆਂ ਕੰਪਨੀਆਂ ਜਾਂ ਏਜੰਸੀਆਂ ਨੂੰ ਸਮੁੰਦਰੋਂ ਪਾਰ ਕੋਈ ਇਕੋ ਬੰਦਾ ਇਕ ਕੁਰਸੀ ਅਤੇ ਟੇਬਲ ’ਤੇ ਬੈਠ ਕੇ ਕਰੋੜਾਂ ਦੀ ਠੱਗੀ ਲਗਾ ਜਾਂਦਾ ਹੈ, ਪਰ ਉਸ ਨੂੰ ਪਕੜ ਵਿਚ ਲਿਆਉਣ ਦੀ ਸਮਰੱਥਾ ਪੁਲਿਸ ਨਹੀਂ ਰੱਖਦੀ, ਕਿਉਂਕਿ ਅਜਿਹੇ ਅਪਰਾਧੀ ਇਕ ਥਾਂ ਤੋਂ ਦੂਜੀ ਥਾਂ ਪਲਾਇਨ ਕਰਦੇ ਰਹਿੰਦੇ ਹਨ ਅਤੇ ਸੁਰੱਖਿਅਤ ਰਹਿੰਦੇ ਹਨ। ਜੇਕਰ ਇਕ ਬੈਂਕ ਨੂੰ ਲੁੱਟਣਾ ਹੈ ਤਾਂ ਕਈ ਵਿਅਕਤੀ ਹਥਿਆਰਾਂ ਸਮੇਤ ਚਾਹੀਦੇ ਹਨ ਅਤੇ ਜਾਨ ਜਾਣ ਦਾ ਖ਼ਤਰਾ ਵੀ ਬਰਾਬਰ ਹੁੰਦਾ ਹੈ ਪਰ ਆਨਲਾਈਨ ਠੱਗੀ ਵਿਚ ਇਕੋ ਵਿਅਕਤੀ ਬਿਨਾਂ ਹਥਿਆਰ ਦੇ ਕਰੋੜਾਂ ਹੜੱਪ ਲੈਂਦਾ ਹੈ, ਇਹੋ ਕਾਰਨ ਹੈ ਕਿ ਬੇਰੁਜ਼ਗਾਰ ਇੰਜੀਨੀਅਰ ਜਾਂ ਹੋਰ ਕੰਪਿਊਟਰ ਸਿੱਖਿਅਤ ਹੈਕਿੰਗ ਦੀ ਦੁਨੀਆ ਦਾ ਹਿੱਸਾ ਬਣ ਰਹੇ ਹਨ। ਸਾਈਬਰ ਗਰਾਫ ’ਤੇ ਜਿਵੇਂ ਜ਼ਿਆਦਾ ਮੋਬਾਈਲ ਹੋ ਰਹੇ ਹਨ ਇੰਟਰਨੈੱਟ ਫ੍ਰੀ ਵਾਂਗ ਵੰਡਿਆ ਜਾ ਰਿਹਾ ਹੈ ਓਨਾ ਹੀ ਸਾਈਬਰ ਅਪਰਾਧ ਵੀ ਵਧ ਰਿਹਾ ਹੈ। ਸਮਾਰਟਫੋਨ ’ਤੇ ਜ਼ਿਆਦਾ ਸਮਾਂ ਖਰਚ ਕਰਨ ਵਾਲੇ ਉਹ ਲੋਕ ਵੀ ਹੁਣ ਹੈਕਰਾਂ ਦਾ ਸ਼ਿਕਾਰ ਹੋ ਰਹੇ ਹਨ, ਜੋ ਕਿ ਕਦੀ ਇਸ ਬਾਰੇ ਸੁਪਨੇ ਵਿਚ ਵੀ ਨਹੀਂ ਸੋਚ ਸਕਦੇ। ਡਿਜੀਟਲ ਦੁਨੀਆ ਵਿਚ 60 ਪ੍ਰਤੀਸ਼ਤ ਸ਼ਿਕਾਰ ਲੋਕਲ ਲੋਕ ਹੁੰਦੇ ਹਨ, ਕਿਉਂਕਿ ਸਾਨੂੰ ਤਕਨਾਲੋਜੀ ਦੀ ਜ਼ਿਆਦਾ ਜਾਣਕਾਰੀ ਨਹੀਂ ਹੁੰਦੀ। ਹੈਕਰਜ਼ ਆਪਣੇ ਸ਼ਿਕਾਰ ਨੂੰ ਲਾਟਰੀ, ਸੈਕਸ, ਜਾਅਲੀ ਈਮੇਲ ਜਾਂ ਮੈਸਜ਼ ਜਾਂ ਹੋਰ ਸੁਨੇਹਿਆਂ ਨਾਲ ਲਲਚਾ ਕੇ ਕਾਬੂ ਕਰ ਲੈਂਦੇ ਹਨ ਅਤੇ ਲੁੱਟ ਦਾ ਸ਼ਿਕਾਰ ਬਣਾ ਲੈਂਦੇ ਹਨ। ਗੱਲ, ਖ਼ਤਮ ਕਰਾਂਗੇ ਕਿ ਜੇਕਰ ਅਸੀਂ ਇੰਟਰਨੈੱਟ ਦੀ ਵਰਤੋਂ ਕਰ ਰਹੇ ਹਾਂ ਤਾਂ ਸੋਚ ਸਮਝ ਕੇ ਕਰੋ ਸਾਡੀ ਗ਼ਲਤੀ ਹੀ ਹੈਕਰਜ਼ ਨੂੰ ਸਾਡੀ ਲੁੱਟ ਕਰਨ ਦਾ ਸੱਦਾ ਦਿੰਦੀ ਹੈ। ਸਭ ਨੂੰ ਆਨਲਾਈਨ ਕੰਮ ਦੀ ਜਾਣਕਾਰੀ ਲੈ ਕੇ ਹੀ ਉਸ ਨੂੰ ਸ਼ੁਰੂ ਕਰਨਾ ਚਾਹੀਦਾ ਹੈ, ਤਾਂ ਜੋ ਅਪਰਾਧਾਂ ਤੋਂ ਬਚਿਆ ਜਾ ਸਕੇ।

**ਭੁਪਿੰਦਰਵੀਰ ਸਿੰਘ**

**99149-57073**

# ਇੱਕ ਹੀ ਜ਼ਿੰਦਗੀ ਹੈ, ਪਰ ਜੇ ਤੁਸੀਂ ਇਸ ਨੂੰ ਚੰਗੀ ਤਰ੍ਹਾਂ ਜੀਓ ਤਾਂ ਇਕ ਹੀ ਕਾਫ਼ੀ ਹੈ।

# ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ

ਕ੍ਰਿਤ : ਮਿਰਜ਼ਾ ਅੱਲ੍ਹਾ ਖ਼ਾਂ ਜੋਗੀ
ਉਲਥਾਕਾਰ : ਨਿਰਵੈਰ ਸਿੰਘ ਅਰਸ਼ੀ

ਕ੍ਰਿਤ : ਮਿਰਜ਼ਾ ਅੱਲ੍ਹਾ ਖ਼ਾਂ ਜੋਗੀ ਅਤੇ ਉਲਥਾਕਾਰ : ਨਿਰਵੈਰ ਸਿੰਘ ਅਰਸ਼ੀ ਦੁਆਰਾ ਪੁਸਤਕ ਸ਼ਹੀਦਾਨਿ-ਵਫ਼ਾ ਅਤੇ ਗੰਜਿ-ਸ਼ਹੀਦਾਂ ਨੂੰ ਅਸੀਂ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਲੜੀਵਾਰ ਛਾਪ ਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ।
- ਭਗਵਾਨ ਸਿੰਘ ਲੁਬਾਣਾ

35.

**ਦੇਖਾ ਜੂੰ ਹੀ ਹਜ਼ੂਰ ਨੇ ਦੁਸ਼ਮਨ ਸਿਮਟ ਗਏ।**
**ਬੜ੍ਹਨੇ ਕੀ ਜਗਹ ਖ਼ੌਫ਼ ਸੇ ਨਾਮਰਦ ਹਟ ਗਏ।**
**ਘੋੜੇ ਕੋ ਏੜ ਦੇ ਕੇ ਗੁਰੂ ਰਨ ਮੇਂ ਡਟ ਗਏ।**
**ਫ਼ੁਰਮਾਏ ਬੁਜ਼ਦਿਲੋਂ ਸੇ ਕਿ ਤੁਮ ਕਿਉਂ ਪਲਟ ਗਏ?**
**ਅਬ ਆਓ ਰਨ ਮੇਂ ਜੰਗ ਕੇ ਅਰਮਾਂ ਨਿਕਾਲ ਲੋ।**
**ਤੁਮ ਕਰ ਚੁੱਕੇ ਹੋ ਵਾਰ, ਹਮਾਰਾ ਸੰਭਾਲ ਲੋ।**

ਸਤਿਗੁਰਾਂ ਨੇ ਜਦੋਂ ਵੇਖਿਆ ਕਿ ਵੈਰੀਆਂ ਦੀ ਗਿਣਤੀ ਕਾਫੀ ਘੱਟ ਹੋ ਗਈ ਹੈ ਅਤੇ ਅੱਗੇ ਵਧਣ ਦੀ ਥਾਂ ਮਰਦੂਦ ਪਿੱਛੇ ਹਟਦੇ ਜਾ ਰਹੇ ਹਨ ਤਾਂ ਘੋੜੇ ਨੂੰ ਅੱਡੀ ਲਗਾ ਕੇ ਆਪ ਰਣ-ਖੇਤਰ ਵਿਚ ਡਟ ਗਏ। ਭੱਜੇ ਜਾ ਰਹੇ ਕਾਇਰਾਂ ਨੂੰ ਲਲਕਾਰਦੇ ਹੋਏ ਕਿਹਾ ਕਿ ਹੁਣ ਤੁਸੀਂ ਪਿਛਾਂਹ ਨੂੰ ਕਿਉਂ ਮੁੜ ਚੱਲੇ ਹੋ? ਮੈਦਾਨ ਵਿਚ ਆਓ ਅਤੇ ਆਪਣੇ ਲੜਨ ਦੇ ਚਾਅ ਪੂਰੇ ਕਰੋ। ਤੁਸੀਂ ਆਪਣਾ ਵਾਰ ਕਰ ਹੀ ਚੁੱਕੇ ਹੋ, ਹੁਣ ਮੇਰੇ ਵਾਰ ਨੂੰ ਸੰਭਾਲੋ।

36.

**ਆਏ ਹੋ ਤੁਮ ਪਹਾੜ ਸੇ ਮੈਦਾਨਿ-ਜੰਗ ਮੇਂ।**
**ਬੱਟਾ ਲਗਾ ਕੇ ਜਾਤੇ ਹੋ ਕਿਉਂ ਨਾਮੋ ਨੰਗ ਮੇਂ?**
**ਸੁਨਤੇ ਹੈਂ ਤੁਮ ਕੋ ਨਾਜ਼ ਹੈਂ ਤੀਰੋਂ-ਤੁਫ਼ੰਗ ਮੇਂ।**
**ਹੁਸ਼ਯਾਰ ਸ਼ਾਹਸਵਾਰ ਹੋ ਮਾਹਰ ਖ਼ਦੰਗ ਮੇਂ।**
**ਦਸ ਬਾਰਹ ਤੁਮ ਮੇਂ ਰਾਜੇ ਹੈਂ, ਇਕ ਦੋ ਨਵਾਬ ਹੈਂ।**
**ਫਿਰ ਹਮ ਸੇ ਜੰਗ ਕਰਨੇ ਮੇਂ ਕਿਂ ਇਜਤਨਾਬ ਹੈਂ।**

ਤੁਸੀਂ ਦੂਰ ਪਹਾੜਾਂ ਤੋਂ ਮੇਰੇ ਨਾਲ ਲੜਨ ਲਈ ਆਏ ਹੋ। ਹੁਣ ਮੈਦਾਨੇ-ਜੰਗ ਵਿਚੋਂ ਭੱਜ ਰਹੇ ਹੋ, ਸ਼ਰਮ ਤੇ ਲੱਜਾ ਵਿਚ ਆਪਣੇ ਆਪ ਨੂੰ ਧੱਬਾ ਲਗਵਾ ਕੇ ਕਿਉਂ ਤੁਰ ਚੱਲੇ ਹੋ? ਅਸੀਂ ਸੁਣਿਆ ਹੈ ਕਿ ਤੁਹਾਨੂੰ ਆਪਣੇ ਤੀਰਾਂ ਅਤੇ ਬੰਦੂਕਾਂ ਉੱਤੇ ਬੜਾ ਫ਼ਖ਼ਰ ਹੈ। ਤੁਸੀਂ ਚੰਗੇ ਘੋੜ-ਅਸਵਾਰ ਅਤੇ ਤੀਰ-ਅੰਦਾਜ਼ ਵੀ ਕਹੇ ਜਾਂਦੇ ਹੋ। ਤੁਹਾਡੇ ਵਿਚ ਦਸ-ਬਾਰਾਂ ਰਾਜੇ ਅਤੇ ਇਕ-ਦੋ ਨਵਾਬ ਵੀ ਹਨ। ਇਤਨਾ ਕੁਝ ਹੋਣ ਦੇ ਬਾਵਜੂਦ ਸਾਡੇ ਨਾਲ ਦੋ-ਹੱਥ ਕਰਨ ਤੋਂ ਕਿਉਂ ਪ੍ਰਹੇਜ਼ ਕਰ ਰਹੇ ਹੋ?

37.

**ਦੇਖੇਂ ਤੋਂ ਆਜ ਹਮ ਭੀ ਤੁਮ੍ਹਾਰੀ ਬਹਾਦੁਰੀ।**
**ਵੁਹ ਖੁੱਖਰੀ ਕੀ ਕਾਟ, ਪਟੇ ਕੀ ਹੁਨਰਵਰੀ।**
**ਹਮ ਨੇ ਤੁਮ੍ਹਾਰੇ ਹਮਲੇ ਕੋ, ਰੋਕਾ ਥਾ ਸਰਸਰੀ।**
**ਅਬ ਅਪਨਾ ਵਾਰ ਰੋਕਨਾ, ਸਬ ਮਿਲ ਕੇ ਲਸ਼ਕਰੀ।**
**ਹਮ ਕੋ ਬਫ਼ਜ਼ਲ-ਏਜ਼ਦੀ ਤਨਹਾ ਨ ਜਾਨਨਾ।**
**ਕਸਰਤ ਪੇ ਐਂਠ ਐਂਠ ਕੇ, ਸੀਨਾ ਨਾ ਤਾਨਨਾ।**

ਗੁਰੂ ਜੀ ਵੈਰੀ ਦਲਾਂ ਨੂੰ ਲਲਕਾਰਦੇ ਹੋਏ ਕਹਿੰਦੇ ਹਨ ਕਿ ਅੱਜ ਤੁਹਾਡੀ ਬਹਾਦਰੀ ਵੀ ਵੇਖ ਹੀ ਲਈਏ। ਤੁਹਾਡੇ ਖੁੱਖਰੀ ਅਤੇ ਪਟੇ ਦੇ ਹੁਨਰ ਵੀ ਵੇਖਣੇ ਚਾਹੁੰਦੇ ਹਾਂ। ਅਸੀਂ ਤਾਂ ਤੁਹਾਡੇ ਹਮਲੇ ਨੂੰ ਸਾਧਾਰਨ ਤੌਰ ਉੱਤੇ ਹੀ ਰੋਕਿਆ ਸੀ। ਹੁਣ ਆਪ ਸਾਰੇ ਇਕੱਠੇ ਹੋ ਕੇ ਮੇਰੇ ਵਾਰ ਨੂੰ ਵੀ ਰੋਕ ਕੇ ਵਿਖਾਓ।

ਪਰਮੇਸ਼ਰ ਦੀ ਬਖ਼ਸ਼ਿਸ਼ ਸਦਕਾ ਸਾਨੂੰ ਇਕੱਲਾ ਨਾ ਸਮਝਣਾ ਅਤੇ ਛਾਤੀਆਂ ਚੌੜੀਆਂ ਕਰ ਕਰ ਕੇ ਝੂਠੀ ਤਾਕਤ ਦਾ ਪ੍ਰਗਟਾਵਾ ਨਾ ਕਰਨਾ।

38.

**ਯਿਹ ਕਹਕੇ ਉਨ ਪੇ ਟੂਟ ਪੜੇ ਦਸਵੇਂ ਪਾਤਸ਼ਾਹ।**
**ਇਸ ਸਫ਼ ਕੋ ਕਾਟਤੇ ਥੇ, ਕਭੀ ਉਸ ਪਰੇ ਕੋ ਗਾਹ।**
**ਜੰਮਤੀ ਨ ਥੀ ਹਜ਼ੂਰ ਕੀ ਤਲਵਾਰ ਪੇ ਨਿਗਾਹ।**
**ਤੇਗ਼ਿ ਗੁਰੂ ਪੇ ਹੋਤਾ ਥਾ ਬਿਜਲੀ ਕਾ ਸਾਇਬਾਹ।**
**ਇਕ ਹਮਲੇ ਮੇਂ ਥਾ ਫ਼ੌਜ ਕਾ ਤਖ਼ਤਾ ਉਲਟ ਗਿਆ।**
**ਗੁਰੂ ਕੀ ਹਵਾਇ-ਦੇਗ਼ ਸੇ, ਬਾਦਲ ਥਾ ਛਟ ਗਿਆ।**

ਉਪਰੋਕਤ ਸ਼ਬਦ ਕਹਿ ਕੇ ਦਸਮ ਪਾਤਸ਼ਾਹ ਜੀ ਨੇ ਵੈਰੀ ਦਲਾਂ ’ਤੇ ਹਮਲਾ ਬੋਲ ਦਿੱਤਾ। ਕਦੀ ਦੁਸ਼ਮਣਾਂ ਦੀ ਇਸ ਕਤਾਰ ਨੂੰ ਕੱਟ ਰਹੇ ਹਨ ਤੇ ਕਦੀ ਉਸ ਸਫ਼ ਦਾ ਸਫਾਇਆ ਕਰੀ ਜਾ ਰਹੇ ਹਨ। ਗੁਰੂ ਸਾਹਿਬ ਦੇ ਹੱਥ ਵਿਚ ਪਕੜੀ ਹੋਈ ਤਲਵਾਰ ਦੀ ਇਤਨੀ ਲਿਸ਼ਕ ਸੀ ਕਿ ਉਸ ਵੱਲ ਵੇਖਣਾ ਮੁਸ਼ਕਿਲ ਸੀ। ਚਮਕ ਰਹੀ ਤੇਗ਼ ਤੋਂ ਜਿਵੇਂ ਬਿਜਲੀ ਦਾ ਝਾਉਲਾ ਪੈਂਦਾ ਸੀ। ਗੁਰੂ ਜੀ ਦੇ ਇਕੋ ਹੱਲੇ ਨੇ ਵੈਰੀ ਦਲਾਂ ਦਾ ਤਖ਼ਤਾ ਪਲਟਾ ਕੇ ਰੱਖ ਦਿੱਤਾ। ਗੁਰੂ ਸਾਹਿਬ ਦੀ ਤੇਜ਼ ਹਵਾ ਵਾਂਗ ਚੱਲ ਰਹੀ ਤੇਗ਼ ਨੇ ਹਮਲਾਵਰਾਂ ਦੇ ਬੱਦਲ ਹੂੰਝ ਦਿੱਤੇ ਸਨ।

39.

**ਜੋ ਬਚ ਗਏ, ਵੁਹ ਭਾਗ ਗਏ, ਮੂੰਹ ਕੋ ਮੋੜ ਕਰ।**
**ਰਸਤਾ ਘਰੋਂ ਕਾ ਲੇ ਲੀਆ ਮੈਦਾਂ ਕੋ ਛੋੜ ਕਰ।**
**ਸਿੰਘੋਂ ਨੇ ਭੁਸ ਨਿਕਾਲ ਦੀਆ ਥਾ ਝੰਜੋੜ ਕਰ।**
**ਪਛਤਾਏ ਆਖਰਸ਼ ਕੋ ਬਹੁਤ ਕੌਲ ਤੋੜ ਕਰ।**
**ਲਾਸ਼ੋਂ ਸੇ ਔਰ ਸਰੋਂ ਸੇ ਥਾ ਮੈਦਾਨ ਪਟ ਗਿਆ।**
**ਆਧੇ ਸੇ ਬੇਸ਼ ਲਸ਼ਕਰਿ-ਆਦਾ ਥਾ ਕਟ ਗਿਆ।**

ਗੁਰੂ ਜੀ ਦੀ ਤੇਗ਼ ਤੋਂ ਜਿਹੜੇ ਬਚ ਗਏ, ਉਹ ਮੂੰਹ ਭੰਵਾ ਕੇ ਨੱਠ ਤੁਰੇ। ਰਣਖੇਤਰ ਨੂੰ ਛੱਡ ਕੇ ਇਨ੍ਹਾਂ ਨੇ ਆਪੋ-ਆਪਣੇ ਘਰਾਂ ਦਾ ਰਸਤਾ ਫੜ ਲਿਆ। ਖ਼ਾਲਸੇ ਨੇ ਉਨ੍ਹਾਂ ਨੂੰ ਹਲੂਣਾ ਦੇ ਕੇ ਉਨ੍ਹਾਂ ਦਾ ਲੜਨ ਦਾ ਗਰੂਰ ਖ਼ਤਮ ਕਰ ਦਿੱਤਾ ਸੀ, ਇਨ੍ਹਾਂ ਵਿਚੋਂ ਵਧੇਰੇ ਗੁਰੂ ਜੀ ਨਾਲ ਕੀਤੀ ਵਾਅਦਾ-ਖਿਲਾਫ਼ੀ ਕਾਰਨ ਪਛਤਾਵਾ ਵੀ ਕਰ ਰਹੇ ਸਨ। ਸਾਰਾ ਮੈਦਾਨ ਲਾਸ਼ਾਂ ਅਤੇ ਕੱਟੇ ਹੋਏ ਸਿਰਾਂ ਨਾਲ ਭਰਿਆ ਹੋਇਆ ਸੀ ਅਤੇ ਅੱਧੀ ਤੋਂ ਵਧੇਰੇ ਵੈਰੀ ਸੈਨਾ ਜੰਗ ਦੌਰਾਨ ਮਾਰੀ ਜਾ ਚੁੱਕੀ ਸੀ।

(**ਚਲਦਾ**)

# ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। ‘ਲੁਬਾਣਾ ਸੇਵਕ’ ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ ’ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਣਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਸੰਪਾਦਕ - ਸੁਰਿੰਦਰ ਸਿੰਘ ਰੂਬੀ**

**98141-28181**

# ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

## ਸ. ਸਵਰਨ ਸਿੰਘ

ਮਹੰਤ ਪ੍ਰੇਮ ਸਿੰਘ ਜੀ ਉਹ ਪੁਰਸ਼ ਸਨ, ਜਿਨ੍ਹਾਂ ਨੇ ਸੂਬੇ ਦੇ ਲੋਕਾਂ ਦੀ ਜ਼ਿੰਦਗੀ ਲਈ ਕਾਫੀ ਕੁੱਝ ਕੀਤਾ। ਕੋਈ 15-16 ਸਾਲ ਤੱਕ ਉਹ ਇਸ ਮਾਨਯੋਗ ਹਾਊਸ ਦੇ ਮੈਂਬਰ ਰਹੇ। ਇਸ ਅਰਸੇ ਵਿਚ ਉਨ੍ਹਾਂ ਨੇ ਦਿਲੋਂ ਹੋ ਕੇ ਉਨ੍ਹਾਂ ਦੀ ਵਿਦਿਅ ਉੱਨਤੀ ਲਈ ਕੰਮ ਕੀਤਾ, ਜਿਨ੍ਹਾਂ ਨੇ ਕਿ ਉਨ੍ਹਾਂ ਨੂੰ ਆਪਣਾ ਆਗੂ ਪ੍ਰਵਾਨ ਕੀਤਾ ਸੀ। ਮੈਂ ਆਪ ਵੇਖਿਆ ਹੈ ਕਿ ਕਿਵੇਂ ਇਨ੍ਹਾਂ ਦੇ ਸ਼ਿਸ਼ ਇਨ੍ਹਾਂ ਦਾ ਆਦਰ ਮਾਣ ਕਰਦੇ ਸਨ ਅਤੇ ਜਿਨ੍ਹਾਂ ਲਈ ਇਨ੍ਹਾਂ ਦਾ ਕਥਨ ਹੁਕਮ ਹੁੰਦਾ ਸੀ। ਕਿਸੇ ਦਲੀਲ ਜਾਂ ਨਾਹ-ਨੁਕਰ ਤੋਂ ਬਗੈਰ ਮੰਨਿਆ ਜਾਂਦਾ ਸੀ। ਕਿਉਂਕਿ ਇਨ੍ਹਾਂ ਨੇ ਉਨ੍ਹਾਂ ਦ ਉੱਨਤੀ ਲਈ ਕੋਈ ਉੱਦਮ ਬਾਕੀ ਨਹੀਂ ਸੀ ਰਹਿਣ ਦਿੱਤਾ ਹੋਇਆ। ਉਨ੍ਹਾਂ ਨੇ ਮੁੰਡਿਆਂ-ਕੁੜੀਆਂ ਲਈ ਕਈ ਵਿਦਿਅਕ ਸੰਸਥਾਵਾਂ ਸਥਾਪਤ ਕੀਤੀਆਂ। ਇਨ੍ਹਾਂ ਦਾ ਖਰਚ ਉਹ ਆਪਣੀ ਜੇਬ ਵਿਚੋਂ ਕਰਦੇ ਸਨ ਜਾਂ ਉਸ ਮਾਇਆ ਵਿਚੋਂ, ਜੋ ਕਿ ਇਨ੍ਹਾਂ ਕੋਲ ਚੜ੍ਹਾਵੇ ਦੇ ਤੌਰ ਤੇ ਜਮ੍ਹਾਂ ਹੁੰਦੀ ਸੀ। ਲੋਕਾਂ ਨੂੰ ਇਨ੍ਹਾਂ ਤੇ ਪੂਰਾ ਵਿਸ਼ਵਾਸ ਸੀ। ਇਨ੍ਹਾਂ ਦੇ ਕਹਿਣ ਤੇ ਲੋਕੀਂ ਝਟਪਟ ਰੁਪਏ ਦੇਣ ਲਈ ਤਿਆਰ ਹੋ ਜਾਂਦੇ ਸਨ। ਕਿਉਂਕਿ ਉਹ ਜਾਣਦੇ ਸਨ ਕਿ ਇਨ੍ਹਾਂ ਨੂੰ ਦਿੱਤੀ ਹੋਈ ਰਕਮ ਚੰਗੇ ਕੰਮਾਂ ਲਈ ਹੀ ਵਰਤੀ ਜਾਵੇਗੀ। ਐਸੇ ਲੀਡਰ ਦਾ ਘਾਟਾ ਸਿਰਫ਼ ਉਨ੍ਹਾਂ ਦੇ ਪੈਰੋਕਾਰਾਂ ਲਈ ਹੀ ਨਹੀਂ ਹੈ, ਬਲਕਿ ਸਾਰੀ ਜਨਤਾ ਲਈ ਹੈ।

## ਗਿਆਨੀ ਕਰਤਾਰ ਸਿੰਘ ਰੈਵਿਨਿਊ ਮਨਿਸਟਰ

ਮਹੰਤ ਪ੍ਰੇਮ ਸਿੰਘ ਜੀ ਸਾਡਾ ਸਾਥੀ, ਜੋ ਸਾਡੇ ਕੋਲ ਹੁਣ ਨਹੀਂ ਹੈ, ਵੰਡ ਤੋਂ ਪਹਿਲਾਂ ਗੁਜਰਾਤ ਜ਼ਿਲ੍ਹੇ ਦੇ ਵਾਸੀਆਂ ਲਈ ਇਕ ਤਾਕਤ ਦਾ ਸੋਮਾ ਸੀ। ਆਖ਼ਰੀ ਦਮ ਤੱਕ ਉਹ ਆਪਣੇ ਜ਼ਿਲ੍ਹੇ ਦੇ ਪੀੜਤਾਂ ਨੂੰ ਮੁੜ ਵਸਾਉਣ ਲਈ ਸਹਾਇਤਾ ਕਰਦੇ ਰਹੇ। ਉਨ੍ਹਾਂ ਦੀ ਸਾਰੀ ਉਮਰ ਲੋਕਾਂ ਦੀ ਸੇਵਾ ਕਰਨ ਵਿਚ ਲੰਘੀ ਜਿਸ ਵਿਚ ਉਨ੍ਹਾਂ ਕਦੇ ਢਿੱਲ ਨਹੀਂ ਸੀ ਆਉਣ ਦਿੱਤੀ। ਧਾਰਮਿਕ ਵਿਅਕਤੀ ਹੋਣ ਕਰਕੇ ਉਨ੍ਹਾਂ ਦੀ ਉਮਰ ਦਾ ਚੌਥਾ ਹਿੱਸਾ ਸਮਾਜਿਕ ਕੁਰੀਤੀਆਂ ਦੂਰ ਕਰਨ ਦੇ ਕੰਮ ਵਿਚ ਹੀ ਲੱਗਾ।

## ਸ. ਉਜਲ ਸਿੰਘ

ਮਹੰਤ ਪ੍ਰੇਮ ਸਿੰਘ ਇਕ ਸਿੱਧੇ-ਸਾਦੇ, ਚੁੱਪ ਰਹਿਣ ਵਾਲੇ ਪੁਰਸ਼ ਸਨ, ਜਿਨ੍ਹਾਂ ਵਿਚ ਲੁਬਾਣਾ ਬਰਾਦਰੀ ਨੂੰ ਬੜਾ ਵਿਸ਼ਵਾਸ ਸੀ। ਭਾਵੇਂ ਉਹ ਅਸੈਂਬਲੀ ਵਿਚ ਕਦੇ ਬੋਲੇ ਨਹੀਂ ਸਨ, ਪਰ ਆਪਣੇ ਉੱਚੇ ਆਚਰਣ ਦੁਆਰਾ ਆਪਣੇ ਸਾਥੀਆਂ ਉੱਪਰ ਕਾਫ਼ੀ ਪ੍ਰਭਾਵਸ਼ਾਲੀ ਸਨ। ਅਸੀਂ ਸੂਬੇ ਦੇ ਇਸ ਘਾਟੇ ਲਈ ਬਹੁਤ ਅਫ਼ਸੋਸ ਕਰਦੇ ਹਾਂ।

## ਸ੍ਰੀਮਤੀ ਸੀਤਾ ਦੇਵੀ

ਮਹੰਤ ਪ੍ਰੇਮ ਸਿੰਘ ਜੀ ਸੱਚਮੁਚ ਦੇਵਤਾ ਸਨ।

## ਸ. ਕਪੂਰ ਸਿੰਘ ਸਪੀਕਰ

ਮਹੰਤ ਪ੍ਰੇਮ ਸਿੰਘ ਜੀ ਦੀ ਅਣਹੋਂਦ ਨੂੰ ਮੈਂ ਬਹੁਤ ਮਹਿਸੂਸ ਕਰਦਾ ਹਾਂ। ਮੈਂ ਜਾਣਦਾ ਹਾਂ ਕਿ ਉਹ ਆਪਣੇ ਸੇਵਕਾਂ ਲਈ ਬਹੁਤ ਕੁੱਝ ਕਰ ਰਹੇ ਸਨ। ਮੇਰਾ ਮਤਲਬ ਆਪਣੇ ਸੇਵਕਾਂ ਦੀ ਆਤਮਿਕ ਉੱਨਤੀ ਲਈ ਹੀ ਨਹੀਂ ਬਲਕਿ ਆਪਣੇ ਸਾਰੇ ਹਲਕੇ ਵਾਲਿਆਂ ਲਈ ਵੀ। ਚੋਣਾਂ ਵੇਲੇ ਮੈਂ ਉਨ੍ਹਾਂ ਨੂੰ ਪੁੱਛਿਆ ਕਿ ਉਹ ਚੋਣਾਂ ਲੜਨ ਲਈ ਇੰਨੇ ਚਾਹਵਾਨ ਕਿਉਂ ਹਨ? ਉਨ੍ਹਾਂ ਦਾ ਜਵਾਬ ਸੀ ਕਿ ਜਦ ਮੈਂ ਆਪਣੇ ਸੇਵਕਾਂ ਦੀ ਆਤਮਿਕ ਉੱਨਤੀ ਲਈ ਇੰਨਾ ਚਾਹਵਾਨ ਹਾਂ ਤਾਂ ਕਿਉਂ ਨਾ ਮੈਂ ਸਭਨਾਂ ਲੋਕਾਂ ਦੀ ਉੱਨਤੀ ਲਈ ਵੀ ਕੰਮ ਕਰਾਂ। ਇਸ ਤਰ੍ਹਾਂ ਆਪ ਜੀ ਨੂੰ ਵਿਧਾਨ ਸਭਾ ਦੀ ਇਕੱਤਰਤਾ ਵਿਚ ਉਸ ਸਮੇਂ ਦੇ ਮੁੱਖ ਮੰਤਰੀ ਅਤੇ ਬਾਕੀ ਵਜ਼ੀਰਾਂ ਅਤੇ ਮਹਾਨ ਹਸਤੀਆਂ ਨੇ ਬੜੇ ਭਰੇ ਦਿਲ ਸ਼ਰਧਾ ਦੇ ਫੁੱਲ ਭੇਟਾ ਕੀਤੇ।

ਵਿਧਾਨ ਸਭਾ ਦੀ ਇਸ ਖਾਸ ਇਕੱਤਰਤਾ ਦੀ ਕਾਰਵਾਈ, ਜਿਸ ਵਿਚ ਸੰਤ ਬਾਬਾ ਪ੍ਰੇਮ ਸਿੰਘ ਜੀ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਸਾਰੀ ਕਾਰਵਾਈ ਦੀ ਹੂ-ਬ-ਹੂ ਨਕਲ, ਇੱਕ ਸੱਜਣ ਸ. ਬਲਬੀਰ ਸਿੰਘ ਮੁਲਤਾਨੀ ਜੀ ਸੈਕਟਰੇਟ ਵਿਚੋਂ ਲਿਆ ਕੇ ਲੈਫਟੀਨੈਂਟ ਕਰਨਲ ਸ. ਗੁਲਚਰਨ ਸਿੰਘ ਨੂੰ ਦਿੱਤੀ। ਉਨ੍ਹਾਂ ਦੀ ਮੈਂ ਬੜੇ ਤਹਿ ਦਿਲੋ ਤੋਂ ਪਰਸੰਸਾ ਕਰਦਾ ਹਾਂ ਲੈਫਟੀਨੈਂਟ ਕਰਨਲ ਸ. ਗੁਲਚਰਨ ਸਿੰਘ ਦਾ ਭੀ ਮੈਂ ਹਾਰਦਿਕ ਧੰਨਵਾਦ ਕਰਦਾ ਹਾਂ, ਜਿਨ੍ਹਾਂ ਮਹਾਂਪੁਰਕਾਂ ਦੀ ਜੀਵਨੀ ਵਿਚ ਇਹ ਸਾਰੀ ਕਾਰਵਾਈ ਛਪਵਾ ਕੇ ਸੰਗਤਾਂ ਦੇ ਸਾਹਮਣੇ ਲਿਆਂਦੀ ਹੈ। ਹੁਣ ਦਾਸ ਨੇ ਭੀ ਉਨ੍ਹਾਂ ਦੇ ਲਿਖੇ ਅਨੁਸਾਰ ਉਹ ਸਾਰੀ ਕਾਰਵਾਈ ਇਸ ਪੁਸਤਕ ਵਿਚ ਦਰਜ ਕੀਤੀ ਹੈ। ਜਿਸ ਤੋਂ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਜੀਵਨ ਅਤੇ ਉਨ੍ਹਾਂ ਦੇ ਗੁਣ ਅਤੇ ਉਨ੍ਹਾਂ ਦੀ ਸ਼ਖ਼ਸ਼ੀਅਤ ਦੇ ਪ੍ਰਭਾਵ ਦਾ ਪਤਾ ਲੱਗਦਾ ਹੈ ਕਿ ਉਹ ਲੁਬਾਣਾ ਬਰਾਦਰੀ ਦੇ ਹੀ ਨਿਰੇ ਸਤਿਕਾਰੇ ਹੋਏ ਨਹੀਂ ਸਨ, ਬਲਕਿ ਉਹ ਆਪਣੇ ਗੁਣਾਂ ਕਰਕੇ ਸਭ ਲਈ ਸਤਿਕਾਰਯੋਗ ਸਨ। ਮੈਂ ਉਸ ਵੇਲੇ ਦੇ ਮੁੱਖ ਮੰਤਰੀ, ਵਜ਼ੀਰਾਂ ਤੇ ਮੈਂਬਰ ਸਾਹਿਬਾਨ ਦਾ ਬਹੁਤ ਹੀ ਸ਼ੁਕਰ-ਗੁਜ਼ਾਰ ਹਾਂ, ਜਿਨ੍ਹਾਂ ਬੜੇ ਚੰਗੇ ਸ਼ਬਦਾਂ ਨਾਲ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਜੀਵਨ ਤੇ ਰੋਸ਼ਨੀ ਪਾ ਕੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟਾ ਕੀਤੇ। ਲੁਬਾਣਾ ਬਰਾਦਰੀ ਉਨ੍ਹਾਂ ਮਹਾਨ ਹਸਤੀਆਂ ਦੀ ਰਿਣੀ ਹੈ। ਜਿੱਥੇ ਕਿਧਰੇ ਮਹਾਂਪੁਰਖਾਂ ਦਾ ਜ਼ਿਕਰ ਆਵੇਗਾ, ਉਥੇ ਇਨ੍ਹਾਂ ਸਾਰੇ ਸੱਜਣਾਂ ਨੂੰ ਭੀ ਬੜੇ ਪਿਆਰ ਨਾਲ ਯਾਦ ਕੀਤਾ ਜਾਵੇਗਾ।

ਚਲਦਾ

# ਪੁਰਾਤਨ ਪਿੰਡ ਦੀ ਕਰਿਆਣੇ ਦੀ ਹੱਟੀ ਜਿਥੋਂ 'ਰੂੰਗਾ' ਮਿਲਦਾ ਹੁੰਦਾ ਸੀ

ਸਮਾਂ ਆਪਣੀ ਚਾਲੇ ਚੱਲਦਾ ਰਹਿੰਦਾ ਹੈ ਅਤੇ ਚਲਦੇ ਹੀ ਰਹਿਣਾ ਹੈ। ਆਪਾਂ ਨੂੰ ਸਮੇਂ ਤੇ ਹਾਲਾਤਾਂ ਨਾਲ ਬਦਲਣਾ ਪੈਂਦਾ ਹੈ ਅਤੇ ਬਦਲ ਵੀ ਰਹੇ ਹਾਂ। ਇਹ ਕੁਦਰਤ ਦਾ ਨੇਮ ਵੀ ਹੈ ਕਿ ਜੋ ਕੱਲ੍ਹ ਸੀ ਓਹ ਅੱਜ ਕਿਧਰੇ ਵੀ ਨਹੀਂ ਦਿਸਦਾ ਤੇ ਜੋ ਕੁੱਝ ਆਪਾਂ ਅੱਜ ਦੇਖ ਰਹੇ ਹਾਂ ਇਹ ਵੀ ਨਿਸ਼ਚਿੰਤ ਹੈ ਕਿ ਆਉਣ ਵਾਲੇ ਸਮੇਂ 'ਚ ਨਹੀਂ ਰਹਿਣਾ।

ਸਾਡੇ ਪੁਰਖਿਆਂ ਵੇਲੇ ਕਹਿ ਲਈਏ ਜਾਂ ਵੱਡ ਵਡੇਰਿਆਂ ਵੇਲੇ ਜੋ ਪਿੰਡਾਂ ਵਿੱਚ ਕਹਿਣ ਨੂੰ ਬੇਸ਼ੱਕ ਕਰਿਆਨੇ ਦੀਆਂ ਦੁਕਾਨਾਂ ਹੁੰਦੀਆਂ ਸਨ, ਪਰ ਓਹਨਾਂ 'ਚੋਂ ਮਿਲ ਸਭ ਕੁੱਝ ਹੀ ਜਾਂਦਾ ਸੀ। ਜੋ ਹੁਣ ਅਲੱਗ ਅਲੱਗ ਦੁਕਾਨਾਂ ਤੋਂ ਖਰੀਦਣਾ ਪੈਂਦਾ ਹੈ। ਲੂਣ ਤੇਲ ਮਿਰਚ ਮਸਾਲਾ ਭਾਵ ਰਸੋਈ ਦੇ ਸਮਾਨ ਦੇ ਨਾਲ-ਨਾਲ, ਬਹੁਕਰ ਝਾੜੂ, ਮਿੱਟੀ ਦਾ ਤੇਲ, ਸਰੋਂ ਦਾ ਤੇਲ (ਖੁਲ੍ਹੇ) ਹੁਣ ਵਾਂਗ ਬੋਤਲ ਬੰਦ ਨਹੀਂ ਸਗੋਂ ਪਲੀ ਦੇ ਨਾਲ ਸਰੋਂ ਦਾ ਤੇਲ ਤੇ ਪਲੀ ਦੇ ਨਾਲ ਹੀ ਮਿੱਟੀ ਦਾ ਤੇਲ ਮਿਲ ਜਾਂਦਾ ਸੀ। ਮੱਝਾਂ ਗਾਵਾਂ ਦੇ ਸੰਗਲ, ਖੁਰਪੇ, ਮਿਸਤਰੀ ਦੇ ਵਰਤਣ ਵਾਲਾ ਸਮਾਨ, ਸਾਰੇ ਰੰਗਾਂ ਦੀਆਂ ਰੀਲ੍ਹਾਂ, ਹਰ ਕਿਸਮ ਦਾ ਰੰਗ, ਡੋਰ, ਪਤੰਗ ਦੀ ਡੋਰ, ਚਰਖੜੀ, ਖੁਲ੍ਹਾ ਕਣਕ ਮੱਕੀ ਦਾ ਆਟਾ, ਵੇਸਣ ਗੱਲ ਕੀ ਹਰ ਓਹ ਸਮਾਨ ਪਿੰਡਾਂ 'ਚੋਂ ਮਿਲਦਾ ਰਿਹਾ ਹੈ ਜੋ ਅਜੋਕੇ ਸਮਿਆਂ ਵਿੱਚ ਅਲੱਗ ਅਲੱਗ ਦੁਕਾਨਾਂ ਤੋਂ ਮਿਲਦਾ ਹੈ। ਹੋਰ ਤਾਂ ਹੋਰ ਓਨਾਂ ਸਮਿਆਂ ਵਿੱਚ ਕਿਸਮਤ ਪੁੜੀਆਂ ਵੀ ਹਰ ਪਿੰਡ ਦੀ ਦੁਕਾਨ ਵਿੱਚ ਕਲੰਡਰਾਂ ਦੇ ਰੂਪ ਵਿੱਚ ਟੰਗੀਆਂ ਹੁੰਦੀਆਂ ਸਨ, ਜਿਥੋਂ ਅਸੀਂ ਆਪਣੀ ਮਨਪਸੰਦ ਦੀਆਂ ਕਿਸਮਤ ਪੁੜੀਆਂ ਪਟਦੇ ਰਹੇ ਹਾਂ ਅਤੇ ਆਪਣੀ ਕਿਸਮਤ ਅਜਮਾਉਂਦੇ ਰਹੇ ਹਾਂ।



ਹੁਣ ਦੀ ਗੱਲ ਕਰੀਏ ਤਾਂ ਕਿਸੇ ਕਰਿਆਣੇ ਦੀ ਦੁਕਾਨ ਤੋਂ ਮੱਝ ਦਾ ਸੰਗਲ, ਮੰਜੇ ਦੀ ਪੈਂਦ, ਚੂਹੇ ਫੜਨ ਵਾਲੀ ਕੁੜਿਕੀ ਨਹੀਂ ਮਿਲਦੀ ਸਗੋਂ ਓਹ ਦੁਕਾਨ ਹੀ ਅਲੱਗ ਹੁੰਦੀ ਹੈ, ਪਰ ਪੁਰਾਤਨ ਸਮਿਆਂ ਵਿੱਚ ਉਪਰੋਕਤ ਸਾਰਾ ਸਮਾਨ ਪੇਂਡੂ ਖਿੱਤਿਆਂ ਦੀਆਂ ਆਮ ਦੁਕਾਨਾਂ ਤੋਂ ਮਿਲਦਾ ਰਿਹਾ ਹੈ। ਸਭ ਤੋਂ ਵੱਡੀ ਗੱਲ ਕਿ ਹਰ ਇੱਕ ਚੀਜ਼ ਲੈਣ ਤੋਂ ਬਾਅਦ ਜੋ 'ਰੂੰਗਾ' ਮਿਲਦਾ ਸੀ ਓਹ ਅੱਜ ਕੱਲ੍ਹ ਦੇ ਅਗਾਂਹਵਧੂ ਜ਼ਮਾਨੇ ਦੀਆਂ ਵੱਡੀਆਂ ਵੱਡੀਆਂ ਦੁਕਾਨਾਂ ਜਾਂ ਵੱਡੇ-ਵੱਡੇ ਮਾਲਾਂ ਵਿੱਚੋਂ ਨਹੀਂ ਮਿਲਦਾ। ਮਿਲਦਾ ਹੀ ਬਲਕਿ ਸਾਡੀ ਅਜੋਕੀ ਪੀੜ੍ਹੀ ਰੂੰਗਾ ਜਾਣਦੀਆਂ ਹੀ ਨਹੀਂ ਕਿ ਰੂੰਗਾ ਕਹਿੰਦੇ ਕੀਹਨੂੰ ਹਨ? ਓਦੋਂ ਅਸੀਂ ਥੋੜਾ ਥੋੜਾ ਸਮਾਨ ਦੁਕਾਨ ਤੋਂ ਲੈਣ ਜਾਂਦੇ ਸਾਂ ਭੱਜ ਭੱਜ ਕੇ, ਸਿਰਫ਼ ਵਾਰ ਵਾਰ ਰੂੰਗਾ ਲੈਣ ਲਈ। ਸੌਦਾ ਲੈਣ ਤੋਂ ਬਾਅਦ ਦੁਕਾਨਦਾਰ ਨੂੰ ਕਹਿਣਾ ਕਿ ਲਿਆ ਰੂੰਗਾ ਦੇਹ ਤਾਂ ਓਹਨੇ ਜੁਆਕਾਂ ਦੇ ਹੱਥ ਤੇ ਖਿੱਲਾਂ ਫੁਲੀਆਂ ਪਤਾਸੇ ਜਾਂ ਮਿੱਠੀਆਂ ਦੋ ਗੋਲੀਆਂ ਦੇ ਦੇਣੀਆਂ, ਇਸ ਨਾਲ ਦੁਕਾਨਦਾਰ ਦੀ ਵਿਕਰੀ ਵੀ ਵਧਦੀ ਸੀ ਕਿਉਂਕਿ ਜਿਹੜਾ ਦੁਕਾਨਦਾਰ ਜ਼ਿਆਦਾ ਰੂੰਗਾ ਦਿੰਦਾ ਸੀ ਅਸੀਂ ਸਮਾਨ ਵੀ ਓਥੋਂ ਹੀ ਲਿਆਉਂਦੇ ਸਾਂ। ਸੱਚੀਂ ਮੁੱਚੀਂ ਜਿਨ੍ਹਾਂ ਪਿਆਰ ਸਤਿਕਾਰ ਇਨ੍ਹਾਂ ਛੋਟੀਆਂ ਪੇਂਡੂ ਦੁਕਾਨਾਂ ਤੋਂ ਮਿਲਦਾ ਰਿਹਾ ਹੈ ਓਨਾ ਅਜੋਕੇ ਸਮੇਂ ਵਿੱਚ ਬਣੇ ਅਸਮਾਨ ਛੂੰਹਦੇ ਮਾਲਾਂ ਵਿੱਚੋਂ ਨਹੀਂ ਮਿਲਦਾ।

ਪਰ ਹੁਣ ਹੋਰ ਈ ਗੁੱਡੀਆਂ ਤੇ ਹੋਰ ਈ ਪਟੋਲੇ ਹੋ ਗਏ ਨੇ। ਸਮੇਂ ਨਾਲ ਓਹ ਦੁਕਾਨਾਂ ਨੇ ਪਿੰਡਾਂ ਵਿੱਚ ਵੀ ਆਪਣਾ ਰੂਪ ਬਦਲ ਕੇ ਮਾਲ ਦਾ ਰੂਪ ਅਖ਼ਤਿਆਰ ਕਰ ਲਿਆ ਹੈ, ਭਾਵ ਵੱਡੇ ਵੱਡੇ ਏ ਸੀ ਅਤੇ ਸ਼ੀਸ਼ੇ ਲਾ ਕੇ ਬੰਦ ਦੁਕਾਨਾਂ ਬਣ ਗਈਆਂ ਹਨ ਤੇ ਸ਼ਹਿਰਾਂ ਦੀ ਤਾਂ ਗੱਲ ਈ ਛੱਡੋ। ਪਰ ਹੁਣ ਇਨ੍ਹਾਂ ਏ ਸੀ ਵਾਲੇ ਵੱਡੇ ਮਾਲਾਂ ਵਿੱਚ 'ਰੂੰਗਾ' ਕਿਤੋਂ ਵੀ ਨਹੀਂ ਮਿਲਦਾ ਤੇ ਆਮ ਦਿਹਾੜੀਦਾਰ ਬੰਦਾ ਇਨ੍ਹਾਂ ਮਹਿੰਗੇ ਏ ਸੀ ਮਾਲਾਂ ਭਾਵ ਦੁਕਾਨਾਂ ਅੰਦਰ ਜਾਣ ਤੋਂ ਕੰਨੀ ਕਤਰਾਉਂਦਾ ਹੈ, ਕਿਉਂਕਿ ਅੰਤਾਂ ਦੀ ਮਹਿੰਗਾਈ ਨੇ ਗਰੀਬ ਵਿਅਕਤੀ ਦਾ ਜਿਉਣਾ ਦੁੱਭਰ ਕੀਤਾ ਹੋਇਆ ਹੈ, ਦੋ ਡੰਗ ਦੀ ਰੋਟੀ ਦੇ ਲਾਲੇ ਪਏ ਹੋਏ ਹਨ।

ਸੋ ਦੋਸਤੋ ਗੱਲ ਓਹੀ ਹੈ ਕਿ ਸਮੇਂ ਸਮੇਂ ਨਾਲ ਬਦਲਾਅ ਆਉਣਾ ਕੁਦਰਤੀ ਨੇਮ ਹੈ, ਪਰ ਕਦੇ ਕਦੇ ਜਦੋਂ ਇਹੋ ਜਿਹੀ ਕੋਈ ਫੋਟੋ (ਜੋ ਲੇਖ 'ਚ ਨਜ਼ਰ ਆਉਂਦੀ ਹੈ) ਤਾਂ ਸੁਭਾਵਿਕ ਹੀ ਇਸ ਤੋਂ ਇੱਕ ਲੇਖ ਬਣ ਜਾਂਦਾ ਹੈ ਤੇ ਅਖਬਾਰਾਂ ਰਾਹੀਂ ਦੋਸਤਾਂ ਮਿੱਤਰਾਂ ਨਾਲ ਸਾਂਝ ਪਾ ਲਈਦੀ ਹੈ ਗੱਲਾਂ ਬਾਤਾਂ ਦੀ। ਇਹ ਸਾਡਾ ਅਨਿਖੜਵਾਂ ਵਿਰਸਾ ਰਿਹਾ ਹੈ ਅਤੇ ਇਹਦਾ ਅਨੰਦ ਵੀ ਮਾਣਦੇ ਰਹੇ ਹਾਂ ਪਰ ਹੁਣ ਇਹ ਦੁਕਾਨਾਂ ਸੁਪਨਾ ਹੋ ਗਈਆਂ ਹਨ। ਇਹ ਗੱਲ ਤਾਂ ਮੈਂ ਯਕੀਨ ਨਾਲ ਕਹਿ ਸਕਦਾ ਹਾਂ ਕਿ ਮੇਰੀ ਹਮ ਉਮਰ ਦੋਸਤ ਭਾਵ ਸੱਠ ਸਾਲ ਤੋਂ ਉੱਪਰ ਵਾਲੇ ਇਹੋ ਜਿਹੇ ਲੇਖਾਂ ਨੂੰ ਉਡੀਕਦੇ ਵੀ ਰਹਿੰਦੇ ਹਨ ਤੇ ਫੋਨ ਕਰਕੇ ਹੌਸਲਾ ਅਫ਼ਜ਼ਾਈ ਵੀ ਕਰਦੇ ਹਨ ਤੇ ਕਈ ਕਈ ਦੋਸਤ ਭਾਵੁਕ ਵੀ ਹੋ ਜਾਂਦੇ ਹਨ ਕਿਉਂਕਿ ਉਨ੍ਹਾਂ ਨੇ ਵੇਖਿਆ ਤਾਂ ਇਹ ਸੱਭ ਕੁਝ ਹੈ ਪਰ ਸਮੇਂ ਵਾਪਿਸ ਆਉਣ ਦੀ ਕੋਈ ਉਮੀਦ ਨਹੀਂ ਹੈ।

**- ਜਸਵੀਰ ਸ਼ਰਮਾਂ ਦੱਦਾਹੂਰ, ਸ੍ਰੀ ਮੁਕਤਸਰ ਸਾਹਿਬ।**

**ਮੋ. 95691-49556**

**ਹਜ਼ਾਰਾਂ ਹੱਥਾਂ ਦੀਆਂ ਤਾੜੀਆਂ ਮਾਇਨੇ ਨਹੀਂ ਰੱਖਦੀਆਂ, ਮਾਇਨੇ ਰੱਖਦਾ ਹੈ ਉਹ ਹੱਥ ਜੋ ਮੁਸੀਬਤ ਵੇਲੇ ਤੁਹਾਡੇ ਮੋਢੇ 'ਤੇ ਹੁੰਦਾ ਹੈ।**

# ਨਾਟਕ ਹੀ ਨਾਟਕ

ਸਤਵਿੰਦਰ ਸਿੰਘ ਬੇਗੋਵਾਲੀਆ

ਪ੍ਰਸਿੱਧ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਨਗਰ ਬੇਗੋਵਾਲ ਦੇ ਸਿਰਕੱਢ ਮੁਰੱਬੀਆ ਪਰਿਵਾਰ ਦੇ ਫਰਜੰਦ ਹਨ।ਆਪ ਜੀ ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ।ਆਪ ਜੀ ਨੇ ਆਪਣੀ ਕਲਮ ਤੋਂ ਤਕਰੀਬਨ ਅੱਧੀ ਦਰਜਨ ਨਾਟ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ ਹਨ।ਉਹਨਾਂ ਨੂੰ ਆਈ.ਸੀ. ਨੰਦਾ ਨਾਟਕ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ।ਉਹਨਾਂ ਦੇ ਕੁਝ ਨਾਟਕਾਂ ਨੂੰ ਅਸੀਂ 'ਲੁਬਾਣਾ ਸੇਵਕ' ਵਿਚ ਧੰਨਵਾਦ ਸਹਿਤ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰਦੇ ਹਾਂ।

ਸੁਰਿੰਦਰ ਸਿੰਘ ਰੂਬੀ 'ਸੰਪਾਦਕ'



ਸਤਵਿੰਦਰ ਸਿੰਘ ਬੇਗੋਵਾਲੀਆ

**ਸਨਮ** : ਇਹ ਸੱਚ ਨਹੀਂ।ਅਸਲ ਵਿਚ ਬਿੱਲੋ ਨੇ ਆਪਣੀ ਮਰਜ਼ੀ ਨਾਲ ਜਾਤੋਂ ਬਾਹਰ ਕਿਸੇ ਫ਼ਿਲਮ ਐਕਟਰ ਨਾਲ ਵਿਆਹ ਕਰਾ ਲਿਐ।ਆਪਣੀ ਜਾਤ ਦੇ ਬਥੇਰੇ ਮੁੰਡੇ ਉਹਦੇ ਨਾਲ ਵਿਆਹ ਕਰਾਉਣ ਨੂੰ ਤਿਆਰ ਸੀ।

**ਵੀਰੋ** : ਕਿਹੜਾ ਕੁੱਤਾ ਉਹਦੇ ਨਾਲ ਲਾਵਾਂ ਲੈਂਦੈ? ਉਸ ਖੱਟਿਆ ਕੀ? ਪੱਲੇ ਪਾ ਲਈ ਬਦਨਾਮੀ ਤੇ ਮਾਂ ਪਿਓ ਘਰੋਂ ਬਾਹਰ ਨਹੀਂ ਨਿਕਲਦੇ।ਨਿਕਲਣ ਵੀ ਕਿਹੜੇ ਮੂੰਹ ਨਾਲ? ਹੁਣ ਤਾਂ ਵਿਚਾਰੇ ਇੱਕੋ ਵਾਰੀ ਨਿਕਲਣਗੇ ਜਾਂਦੀ ਵਾਰ ਫੱਟੇ 'ਤੇ ਪੈ ਕੇ।
(ਸਨਮ ਚੁੱਪ ਰਹਿਣ ਵਿਚ ਈ ਬਿਹਤਰੀ ਸਮਝਦਾ ਹੈ)
ਨੀਵੀਂ ਪਾ ਲਈ ਏ? ਸਨਮ, ਨਾਟਕ ਖੇਡਣ ਮੈਂ ਰੋਜੀ ਨੂੰ ਘੱਲ ਦਿਆ ਕਰਾਂਗੀ ਪਰ ਸਾਡੀ ਵੀ ਇਕ ਸ਼ਰਤ ਏ.....

**ਸਨਮ** : ਕਿਹੜੀ ਸ਼ਰਤ?

**ਵੀਰੋ** : ਵੇਖ, ਤੇਰੇ ਬਾਕੀ ਕਲਾਕਾਰ ਤਾਂ ਮੁੰਡੇ ਨੇ।ਕਿਸੇ ਨੇ ਸ਼ਰਾਰਤ ਕਰ ਤੀ ਤਾਂ ਉਹਨਾਂ ਦਾ ਜਾਣਾ ਕੱਖ ਨਹੀਂ ਤੇ ਸਾਡਾ ਰਹਿਣਾ ਕੱਖ ਨਹੀਂ।ਮੇਰੀ ਸ਼ਰਤ ਇਹੋ ਏ ਬਈ ਜੇ ਇੱਕ ਮੁੰਡੇ ਨੂੰ ਨਾਟਕ ਖੇਡਣ ਦਾ ਦੋ ਸੌ ਮਿਲੇਗਾ ਤਾਂ ਰੋਜੀ ਲਵੇਗੀ ਪੰਜ ਸੌ।

**ਸਨਮ** : (ਥੋੜ੍ਹਾ ਸੋਚ ਕੇ) ਮੈਂ ਪੰਜ ਸੌ ਦੇ ਦਿਆ ਕਰਾਂਗਾ।

**ਵੀਰੋ** : ਤੁਹਾਨੂੰ ਇੱਕ ਛੋਟੀ ਜਿਹੀ ਤਕਲੀਫ਼ ਦੇਣ ਆਈ ਆਂ।ਆਪਣਾ ਦੀਪੂ ਬੜਾ ਬਿਮਾਰ ਏ, ਕਲ੍ਹ ਮਰ ਜਾਣੇ ਡਾਕਟਰ ਨੇ ਇੱਕ ਟੀਕਾ ਲਾਇਆ ਤੇ ਚਾਰ ਖੁਰਾਕਾਂ ਦੇ ਕੇ ਮੂੰਹ ਅੱਡ ਕੇ ਕਹਿੰਦਾ–ਇਕ ਸੌ ਦਸ ਰੁਪਏ। ਰੱਬਾ! ਇਸ ਕੁਲਹਿਣੇ ਡਾਕਟਰ ਦਾ ਹਸਪਤਾਲ ਈ ਫੇਲ੍ਹ ਹੋ ਜਾਏ।ਮੁੰਡਾ ਅਜੇ ਵੀ ਮੱਛੀ ਵਾਂਗੂੰ ਤੜਫਦਾ ਪਿਐ, ਉਹਨੂੰ ਲਿਜਾਣੈਂ ਜਲੰਧਰ ਤੇ ਤੁਹਾਡੇ ਕੋਲੋਂ ਲੈਣ ਆਈ ਆਂ ਦੋ ਸੌ ਰੁਪਏ।

**ਸਨਮ** : (ਬਟੂਆ ਕੱਢਦਾ ਹੋਇਆ) ਆਹ ਦੋ ਸੌ ਰੱਖੇ ਤਾਂ ਮੈਂ ਕਿਸੇ ਹੋਰ ਕੰਮ ਲਈ ਸੀ, ਪਰ ਚਲੋ ਤੁਹਾਡੀ ਲੋੜ ਪੂਰੀ ਹੋ ਗਈ।
(ਸਨਮ ਦੋ ਸੌ ਰੁਪਏ ਵੀਰੋ ਨੂੰ ਦਿੰਦਾ ਹੈ)

**ਵੀਰੋ** : ਚੰਗਾ ਜੀ ਸਾਸਰੀ ਕਾਲ।(ਹੱਸਦੀ ਹੋਈ ਚਲੀ ਜਾਂਦੀ ਹੈ)

**ਸਨਮ** : ਸਤਿ ਸ੍ਰੀ ਅਕਾਲ। ਸਟੂਪਿਡ ਪਹਿਲੇ ਦਰਜੇ ਦੀ। ਇਕ ਪਾਸੇ ਮੁੰਡਾ ਬਿਮਾਰ ਦੱਸਦੀ ਏ ਤੇ ਦੂਜੇ ਪਾਸੇ ਦੰਦ ਕੱਢਦੀ ਪਈ ਏ। ਕੁੱਝ ਲਿਖਣ ਵਾਸਤੇ ਯਾਦ ਆਇਆ ਸੀ, ਇਸ ਚੁੜੇਲ ਦੇ ਆਉਂਦੇ ਸਭ ਕੁੱਝ ਆਟਾ ਦਲੀਆ ਹੋ ਗਿਐ।
(ਰੋਜੀ ਆਉਂਦੀ ਹੈ)

**ਰੋਜੀ** : ਹੈਲੋ ਸਰ ਜੀ।

**ਸਨਮ** : ਹੈਲੋ, ਮੰਮੀ ਨੂੰ ਵੇਖਣ ਆਈ ਹੋਵੇਂਗੀ?

**ਰੋਜੀ** : ਮੈਂ ਤਾਂ ਤੁਹਾਨੂੰ ਵੇਖਣ ਆਈ ਹਾਂ।ਮੈਂ ਬੜੇ ਜ਼ਰੂਰੀ ਕੰਮ ਆਈ ਹਾਂ..... ਮੇਰੀ ਵੱਡੀ ਭੈਣ ਏ ਨਾ ਬਬਲੀ? ਉਹਦਾ ਕੰਮ ਬਣਦਾ ਪਿਐ ਪੁਲਿਸ ਵਿਚ, ਉੱਚੀ ਲੰਮੀ ਜਵਾਨ ਏ। ਪਰਸੋਂ ਮੁਹੱਲੇ ਵਿਚ ਸਾਡਾ ਸ਼ੰਕਰ ਸਿੰਘ ਨਾਲ ਝਗੜਾ ਹੋ ਗਿਆ। ਬਬਲੀ ਦੇ ਫੜ੍ਹ ਕੇ ਡਾਂਗ ਸ਼ੰਕਰ ਸਿੰਘ ਦੇ ਪਾਸੇ ਸੇਕ ਦਿੱਤੇ।


**ਸਨਮ** : ਸ਼ੰਕਰ ਸਿੰਘ ਤਾਂ ਬੜਾ ਭਲਾ ਲੋਕ ਏ।

**(ਚਲਦਾ)**

ਸਿਹਤ ਸੰਭਾਲ

# ਕੈਂਸਰ ਦਾ ਇਲਾਜ : ਖ਼ੁਰਾਕ ਅਤੇ ਕਸਰਤ ਦੀ ਮਹੱਤਤਾ

**ਨਵਪ੍ਰੀਤ ਕੌਰ**



ਕੈਂਸਰ ਦੇ ਡਾਕਟਰੀ ਇਲਾਜ ਦੇ ਨਾਲ-ਨਾਲ ਚੰਗੀ ਖ਼ੁਰਾਕ ਅਤੇ ਕਸਰਤ ਮਰੀਜ਼ ਦੇ ਜਲਦੀ ਸਿਹਤਯਾਬ ਹੋਣ ਵਿਚ ਬਹੁਤ ਹੱਦ ਤੱਕ ਮਦਦਗਾਰ ਸਾਬਤ ਹੋ ਸਕਦੀ ਹੈ। ਇਹ ਮਰੀਜ਼ ਨੂੰ ਇਕ ਸਿਹਤਮੰਦ ਅਤੇ ਸਰਗਰਮ ਜੀਵਨ-ਸ਼ੈਲੀ ਅਪਣਾ ਕੇ ਆਮ ਜ਼ਿੰਦਗੀ ਅਤੇ ਰੋਜ਼ਾਨਾ ਦੇ ਕੰਮਾਂ ਵਿਚ ਸਾਥੀਆਂ, ਦੋਸਤਾਂ ਅਤੇ ਪਰਿਵਾਰ ਨਾਲ ਜਲਦੀ ਹੀ ਦੁਬਾਰਾ ਵਿਚਰਣ ਲਈ ਸਹਾਇਕ ਹੁੰਦੀ ਹੈ।

**ਸਿਹਤਮੰਦ ਖ਼ੁਰਾਕ - ਕੁਪੋਸ਼ਣ ਤੋਂ ਬਚਾਅ**

ਕੈਂਸਰ ਦੇ ਮਰੀਜ਼ ਦੀ ਸਿਹਤ ਲਈ ਬਹੁਤ ਜ਼ਰੂਰੀ ਹੈ ਕਿ ਇਲਾਜ ਤੋਂ ਪਹਿਲਾਂ, ਦੌਰਾਨ ਅਤੇ ਬਾਅਦ ਵਿਚ ਚੰਗੀ ਖ਼ੁਰਾਕ ਦਾ ਸੇਵਨ ਕਰੇ। ਇਲਾਜ ਦੌਰਾਨ ਮਰੀਜ਼ ਆਮ ਤੌਰ 'ਤੇ ਕੁਪੋਸ਼ਣ ਦਾ ਸ਼ਿਕਾਰ ਹੋ ਜਾਂਦੇ ਹਨ। ਕੁਪੋਸ਼ਣ ਨਾਲ ਮਰੀਜ਼ ਦੇ ਇਲਾਜ, ਸਰੀਰਕ ਤੇ ਮਾਨਸਿਕ ਤਾਕਤ ਅਤੇ ਸਿਹਤਯਾਬ ਹੋਣ ਵਿਚ ਲੱਗਣ ਵਾਲੇ ਸਮੇਂ 'ਤੇ ਬਹੁਤ ਅਸਰ ਪੈਂਦਾ ਹੈ। ਸਰੀਰਕ ਲੋੜ ਤੋਂ ਘੱਟ ਭੋਜਨ ਦਾ ਸੇਵਨ, ਗਲਤ ਕਿਸਮ ਦਾ ਖਾਣਾ, ਸਰੀਰ ਦਾ ਭੋਜਨ ਨੂੰ ਪਚਾ ਨਾ ਸਕਣਾ ਜਾਂ ਜ਼ਰੂਰੀ ਤੱਤਾਂ ਨੂੰ ਨਾ ਸੋਖ ਸਕਣਾ ਕੁਪੋਸ਼ਣ ਦੇ ਕੁਝ ਅਹਿਮ ਕਾਰਨ ਹਨ। ਕੈਂਸਰ ਦੌਰਾਨ ਮਰੀਜ਼ ਨੂੰ ਕਈ ਵਾਰ ਲੋੜੀਂਦਾ ਜਾਂ ਸਹੀ ਕਿਸਮ ਦਾ ਭੋਜਨ ਖਾਣ ਵਿਚ ਕਠਿਨਾਈ ਹੁੰਦੀ ਹੈ, ਜਿਸ ਦੇ ਕੁਝ ਕਾਰਨ ਹਨ :

* ਸਿਰ, ਗਰਦਨ, ਭੋਜਨ ਨਾਲੀ, ਪੇਟ ਆਦਿ ਦੇ ਕੈਂਸਰ ਦਾ ਭੋਜਨ ਨੂੰ ਨਿਗਲਣ ਅਤੇ ਪਚਾਉਣ ਦੀ ਸਮਰੱਥਾ 'ਤੇ ਅਸਰ ਪੈਂਦਾ ਹੈ।

* ਕੈਂਸਰ ਦੇ ਕੁਝ ਇਲਾਜ ਜਿਵੇਂ ਕਿ ਆਪਰੇਸ਼ਨ, ਕੀਮੋਥਰੇਪੀ, ਰੇਡਿਉਥਰੇਪੀ ਨਾਲ ਸਰੀਰ ਲਈ ਲੋੜੀਂਦੀ ਊਰਜਾ ਅਤੇ ਪ੍ਰੋਟੀਨ ਦੀ ਮਾਤਰਾ ਵਿਚ ਵਾਧਾ ਹੋ ਸਕਦਾ ਹੈ।

* ਕਈ ਵਾਰ ਇਲਾਜ ਕਾਰਨ ਹੋਣ ਵਾਲੇ ਬੁਰੇ ਪ੍ਰਭਾਵ ਜਿਵੇਂ : ਕੱਚਾਪਣ ਮਹਿਸੂਸ ਹੋਣਾ, ਉਲਟੀਆਂ ਅਤੇ ਦਸਤ ਭੋਜਨ ਖਾਣ ਵਿਚ ਮੁਸ਼ਕਲ ਪੈਦਾ ਕਰਦੇ ਹਨ ਜਾਂ ਖਾਧਾ ਹੋਇਆ ਭੋਜਨ ਸਹੀ ਤਰੀਕੇ ਨਾਲ ਹਜ਼ਮ ਨਹੀਂ ਹੁੰਦਾ।

* ਹਸਪਤਾਲ ਵਿਚ ਲੰਮੇ ਸਮੇਂ ਤੱਕ ਰਹਿਣ ਨਾਲ ਵੀ ਖਾਣਾ ਖਾਣ ਦੀ ਇੱਛਾ ਅਤੇ ਸਮਰੱਥਾ 'ਤੇ ਬੁਰਾ ਪ੍ਰਭਾਵ ਪੈ ਸਕਦਾ ਹੈ।

* ਬਿਮਾਰੀ ਅਤੇ ਕੈਂਸਰ ਪੀੜ੍ਹਤ ਹੋਣ ਦੇ ਅਹਿਸਾਸ ਨਾਲ ਬੇਚੈਨੀ ਅਤੇ ਡਿਪਰੈਸ਼ਨ ਪੈਦਾ ਹੋ ਸਕਦਾ ਹੈ ਜਿਸ ਦਾ ਮਰੀਜ਼ ਦੀ ਭੋਜਨ ਖਾਣ ਦੀ ਇੱਛਾ 'ਤੇ ਅਸਰ ਪੈਂਦਾ ਹੈ।

ਸਰੀਰ ਵਿਚ ਕੁਪੋਸ਼ਣ ਹੋਣ ਜਾਂ ਪੈਦਾ ਹੋਣ ਦੇ ਖ਼ਤਰੇ ਦੇ ਕਈ ਸੰਕੇਤ ਮਿਲ ਸਕਦੇ ਹਨ ਜਿਵੇਂ :

* ਭੁੱਖ ਘੱਟ ਲੱਗਣਾ
* ਬਿਨਾਂ ਕਾਰਨ ਤੋਂ ਭਾਰ ਘਟਣਾ
* ਬਹੁਤ ਥੋੜ੍ਹਾ ਖਾਣ 'ਤੇ ਹੀ ਪੇਟ ਭਰਿਆ ਲੱਗਣਾ
* ਮੂੰਹ ਜਾਂ ਗਲੇ ਵਿਚ ਦਰਦ ਜਾਂ ਸੁੱਕਾਪਣ ਮਹਿਸੂਸ ਹੋਣਾ
* ਭੋਜਨ ਚਿੱਥਣ ਜਾਂ ਨਿਗਲਣ ਵਿਚ ਤਕਲੀਫ਼ ਹੋਣੀ
* ਸੁੰਘਣ ਅਤੇ ਸਵਾਦ ਲੈਣ ਦੀ ਸਮਰੱਥਾ ਵਿਚ ਪਰਿਵਰਤਨ
* ਦਸਤ ਲੱਗਣੇ ਜਾਂ ਕਬਜ਼ ਹੋਣੀ
* ਕੱਚਾਪਣ ਅਤੇ ਉਲਟੀ ਆਉਣੀ

* ਬਹੁਤ ਜਲਦੀ ਜਾਂ ਹਮੇਸ਼ਾ ਥਕਾਵਟ ਮਹਿਸੂਸ ਹੋਣਾ

ਇਨ੍ਹਾਂ ਚਿੰਨ੍ਹਾਂ ਵੱਲ ਧਿਆਨ ਦੇਣਾ ਅਤੇ ਕੁਪੋਸ਼ਣ ਦਾ ਜਲਦੀ ਇਲਾਜ ਕਰਨਾ, ਕੈਂਸਰ ਦੇ ਮਰੀਜ਼ ਦੀ ਸਿਹਤ ਵਿਚ ਸੁਧਾਰ ਲਈ ਬਹੁਤ ਜ਼ਰੂਰੀ ਹੈ। ਜੇਕਰ ਇਹ ਲੱਛਣ ਪ੍ਰਗਟ ਹੋਣ ਲੱਗਣ ਤਾਂ ਡਾਕਟਰ ਦੀ ਸਲਾਹ ਨਾਲ ਸਰੀਰ ਵਿਚ ਜ਼ਰੂਰੀ ਤੱਤਾਂ ਦੀ ਜਾਂਚ ਕਰਵਾਉ ਅਤੇ ਕੁਪੋਸ਼ਣ ਦਾ ਇਲਾਜ ਸ਼ੁਰੂ ਕਰੋ। ਕੁਪੋਸ਼ਣ ਦੇ ਇਲਾਜ ਲਈ ਡਾਕਟਰੀ ਸਲਾਹ ਦੇ ਨਾਲ –

* ਭੋਜਨ ਵਿਚ ਊਰਜਾ ਅਤੇ ਪ੍ਰੋਟੀਨ ਭਰਪੂਰ ਪਦਾਰਥ ਜ਼ਿਆਦਾ ਗਿਣਤੀ ਵਿਚ ਸ਼ਾਮਲ ਕਰੋ।

* ਸਿਹਤਮੰਦ ਤਰਲ ਪਦਾਰਥ, ਖਾਸ ਤੌਰ ’ਤੇ ਦੁੱਧ ਨਾਲ ਬਣੇ ਹੋਏ (ਕਿਉਂਕਿ ਇਨ੍ਹਾਂ ਵਿਚ ਪ੍ਰੋਟੀਨ ਦੀ ਮਾਤਰਾ ਜ਼ਿਆਦਾ ਹੁੰਦੀ ਹੈ) ਦਾ ਸੇਵਨ ਕਰੋ।

* ਦਿਨ ਵਿਚ ਕਈ ਵਾਰ ਥੋੜ੍ਹੀ ਮਾਤਰਾ ਵਿਚ ਖਾਣਾ ਖਾਉ।

* ਭੋਜਨ ਵਿਚ ਅਸਾਨੀ ਨਾਲ ਚਿੱਥੇ ਜਾਂ ਨਿਗਲੇ ਜਾ ਸਕਣ ਵਾਲੇ ਪਦਾਰਥ ਸ਼ਾਮਲ ਕਰੋ।

* ਜ਼ਰੂਰਤ ਪੈਣ ’ਤੇ ਪੌਸ਼ਟਿਕਤਾ ਪੂਰਨ ਤਰਲ ਪਦਾਰਥ ਲੈ ਸਕਦੇ ਹੋ।

ਕੈਂਸਰ ਦੌਰਾਨ ਆਮ ਤੌਰ ’ਤੇ ਕਿਸੇ ਖਾਸ ਖੁਰਾਕ ਦੀ ਜ਼ਰੂਰਤ ਨਹੀਂ ਹੁੰਦੀ ਇਸ ਲਈ ਜ਼ਰੂਰੀ ਹੈ ਕਿ ਹਰ ਸ਼੍ਰੇਣੀ ਦਾ ਖਾਣਾ ਭੋਜਨ ਵਿਚ ਸ਼ਾਮਲ ਕੀਤਾ ਜਾਵੇ।

**ਕੈਂਸਰ ਦੌਰਾਨ ਕਸਰਤ ਦੇ ਲਾਭ** - ਕਸਰਤ ਦਾ ਇਕ ਆਮ ਫਾਇਦਾ ਇਹ ਹੈ ਕਿ ਇਹ ਕੈਂਸਰ ਹੋਣ ਦਾ ਖ਼ਤਰਾ ਘਟਾ ਸਕਦੀ ਹੈ ਪਰ ਇਹ ਵੀ ਪ੍ਰਮਾਣਿਤ ਹੈ ਕਿ ਕਸਰਤ ਕੈਂਸਰ ਦੇ ਜ਼ਿਆਦਾਤਰ ਮਰੀਜ਼ਾਂ ਲਈ ਇਲਾਜ ਦੌਰਾਨ ਵੀ ਕਾਫੀ ਲਾਭਵੰਦ ਹੈ। ਇਹ ਮਰੀਜ਼ ਨੂੰ ਇਲਾਜ ਦੇ ਮਾੜੇ ਪ੍ਰਭਾਵਾਂ ਨਾਲ ਸਿੱਝਣ ਵਿਚ ਮਦਦ ਕਰਦੀ ਹੈ। ਕੈਂਸਰ ਦੇ ਬਹੁਤੇ ਮਰੀਜ਼ ਆਮ ਤੌਰ ’ਤੇ ਇਲਾਜ ਦੌਰਾਨ ਕਿਸੇ ਨਾ ਕਿਸੇ ਕਿਸਮ ਦੀ ਕਸਰਤੀ ਗਤੀਵਿਧੀ ਵਿਚ ਭਾਗ ਲੈ ਸਕਦੇ ਹਨ। ਕੁਝ ਮਰੀਜ਼ਾਂ ਨੂੰ ਕਿਸੇ ਖਾਸ ਤਬਦੀਲੀ ਜਾਂ ਕਸਰਤ ਸ਼ੁਰੂ ਕਰਨ ਲਈ ਸਹੀ ਸਮੇਂ ਦੀ ਉਡੀਕ ਕਰਨ ਦੀ ਲੋੜ ਹੁੰਦੀ ਹੈ ਇਸ ਲਈ ਕੋਈ ਵੀ ਕਸਰਤ ਸ਼ੁਰੂ ਕਰਨ ਤੋਂ ਪਹਿਲਾਂ ਡਾਕਟਰ ਦੀ ਸਲਾਹ ਜ਼ਰੂਰ ਲਉ। ਕਸਰਤ ਕਰਨ ਨਾਲ ਕੈਂਸਰ ਦੇ ਮਰੀਜ਼ ਨੂੰ ਕਈ ਲਾਭ ਪ੍ਰਾਪਤ ਹੁੰਦੇ ਹਨ ਜਿਵੇਂ –

* ਮਾਸਪੇਸ਼ੀਆਂ ਦੀ ਤਾਕਤ ਵਿਚ ਵਾਧਾ

* ਸਰੀਰਕ ਸ਼ਕਤੀ ਵਧਣਾ ਅਤੇ ਕੈਂਸਰ ਕਾਰਨ ਹੋਣ ਵਾਲੀ ਥਕਾਵਟ ਘੱਟ ਮਹਿਸੂਸ ਹੋਣਾ

* ਹੱਡੀਆਂ ਦੀ ਘਣਤਾ ਅਤੇ ਜੋੜਾਂ ਦੀ ਹਰਕਤ ਕਰਨ ਦੀ ਸੀਮਾ ਦਾ ਬਿਹਤਰ ਹੋਣਾ

* ਸਰੀਰ ਵਿਚ ਖ਼ੂਨ ਦਾ ਵਹਾਅ ਅਤੇ ਸਾਹ ਦਰ ਦਾ ਵਧਣਾ

* ਕੀਮੋਥੈਰੇਪੀ ਕਾਰਨ ਹੋਣ ਵਾਲੇ ਕੱਚੇਪਣ ਅਤੇ ਉਲਟੀ ਦਾ ਘਟਣਾ

* ਬਿਹਤਰ ਭੁੱਖ ਲੱਗਣਾ

* ਸਕੂਨ ਭਰੀ ਨੀਂਦ ਆਉਣਾ

* ਪਾਚਣ-ਸ਼ਕਤੀ ਵਿਚ ਸੁਧਾਰ ਅਤੇ ਕਬਜ਼ ਘਟਣਾ

* ਤਣਾਉ ਅਤੇ ਬੇਚੈਨੀ ਦੀ ਅਵਸਥਾ ਵਿਚ ਕਮੀ

* ਮਨੋਦਸ਼ਾ ਵਿਚ ਸੁਧਾਰ

* ਸਰੀਰ ਦੀ ਬਿਮਾਰੀਆਂ ਨਾਲ ਲੜਨ ਦੀ ਤਾਕਤ ਵਿਚ ਵਾਧਾ

ਇਹ ਲਾਭ ਮਰੀਜ਼ ਨੂੰ ਜਲਦੀ ਸਿਹਤਯਾਬ ਹੋਣ ਵਿਚ ਮਦਦ ਕਰ ਸਕਦੇ ਹਨ ਅਤੇ ਇਲਾਜ ਕਾਰਨ ਆਮ ਤੌਰ ’ਤੇ ਹੋਣ ਵਾਲੇ ਮਾੜੇ ਪ੍ਰਭਾਵਾਂ ਦਾ ਅਸਰ ਵੀ ਘਟਾ ਸਕਦੇ ਹਨ।

**ਕਸਰਤ ਲਈ ਕੁਝ ਸੁਝਾਅ**

* ਕਸਰਤ ਸ਼ੁਰੂ ਕਰਨ ਤੋਂ ਪਹਿਲਾਂ ਲੋੜੀਂਦੀਆਂ ਤਬਦੀਲੀਆਂ ਜਾਂ ਸਾਵਧਾਨੀਆਂ ਬਾਰੇ ਡਾਕਟਰ ਦੀ ਸਲਾਹ ਜ਼ਰੂਰ ਲਉ।

* ਰੋਜ਼ਾਨਾ ਘੱਟ ਤੋਂ ਘੱਟ 30 ਮਿੰਟ ਕਸਰਤ ਜਾਂ ਸਰੀਰਕ ਗਤੀਵਿਧੀਆਂ ਕਰਨ ਦੀ ਕੋਸ਼ਿਸ਼ ਕਰੋ। ਇਹ ਦਿਨ ਵਿਚ ਤਿੰਨ ਵਾਰ 10-10 ਮਿੰਟ ਲਈ ਵੀ ਹੋ ਸਕਦੀਆਂ ਹਨ।

* ਜੇਕਰ ਬਹੁਤ ਸਮੇਂ ਤੋਂ ਆਰਾਮ ਦੀ ਹਾਲਤ ਵਿਚ ਹੀ ਹੋ ਜਾਂ ਸਰੀਰ ਵਿਚ ਤਾਕਤ ਦੀ ਕਮੀ ਮਹਿਸੂਸ ਹੁੰਦੀ ਹੈ ਤਾਂ ਘੱਟ ਪੱਧਰ ਤੋਂ ਸ਼ੁਰੂ ਕਰਕੇ ਹੌਲੀ-ਹੌਲੀ ਕਸਰਤ ਦੀ ਤੀਬਰਤਾ ਵਧਾਉ।

* ਜੇਕਰ ਕਿਸੇ ਦਿਨ ਕਸਰਤ ਦਾ ਮਨ ਨਹੀਂ ਹੈ ਤਾਂ ਫਿਰ ਵੀ ਸਰੀਰ ਨੂੰ ਥੋੜ੍ਹਾ ਬਹੁਤ ਹਿਲਾਉਣ ਦੀ ਕੋਸ਼ਿਸ਼ ਜ਼ਰੂਰ ਕਰੋ।

*****

**ਜੇ ਕਾਲ ਅਨਾਜ ਦਾ ਪੈ ਜਾਵੇ ਤਾਂ ਮਨੁੱਖ ਮਰਦਾ ਹੈ, ਜੇਕਰ ਕਦਰਾਂ-ਕੀਮਤਾਂ ਦਾ ਕਾਲ ਪੈ ਜਾਵੇ ਤਾਂ ਮਨੁੱਖਤਾ ਮਰਦੀ ਹੈ।**

# ਕਾਵਿ-ਕਿਆਰੀ

## ਕਵਿਤਾ / ਜੌੜੇ ਪੋਤਰਿਆਂ ਦੀ ਆਮਦ 'ਤੇ
### (ਅਵੀਰਾਜ ਤੇ ਮਨਰਾਜ ਦੇ ਨਾਂ)

**ਸੁਰਿੰਦਰ ਮਕਸੂਦਪੁਰੀ**



ਹੇ ਵਾਹਿਗੁਰੂ ! ਜੋੜੇ 'ਤੇ ਮਿਹਰ ਕਰੀਂ
ਸਿਰਾਂ 'ਤੇ ਸੁੱਖਾਂ ਭਰਿਆ ਹੱਥ ਧਰੀਂ
ਅਵੀਰਾਜ ਦਿਲਾਂ 'ਤੇ ਰਾਜ ਕਰੀਂ
ਮਨਰਾਜ ਮਨਾਂ ਦਾ ਤਾਜ ਰਹੀਂ।

ਬਾਬੇ ਨਾਨਕ ਦਾ ਪਰਿਵਾਰ ਤੁਸੀਂ
ਗੁਰੂ ਗੋਬਿੰਦ ਸਿੰਘ ਦੇ ਸਰਦਾਰ ਤੁਸੀਂ
ਬੇਸ਼ੱਕ ਪਰਦੇਸ ਮਿੱਟੀ ਦੇ ਜਾਏ ਹੋ
ਐਪਰ ਮਾਂ-ਪੰਜਾਬੀ ਦੇ ਸਰਮਾਏ ਹੋ
ਬੱਚਿਆਂ ਦੀ ਕੋਰੀ ਕੈਨਵਸ 'ਤੇ
ਐ ਮਾਂ ਬੋਲੀ, ਮਾਂ ਮਿੱਟੀ
ਆਪਣੇ ਸੰਦਲੀ ਰੰਗ ਭਰੀਂ
ਦੇ ਗੁੜ੍ਹਤੀ ਸੁੱਚੇ ਸ਼ਗਨਾਂ ਦੀ
ਆਪਣੇ ਵਿਰਸੇ ਦੀ ਵਸੀਅਤ
ਇਨ੍ਹਾਂ ਦੇ ਸਾਂਝੇ ਨਾਮ ਕਰੀਂ।

ਮਾਂ-ਪਿਓ ਨੇ ਜੰਮਿਆ ਜਾਇਆ
ਸੰਜੋਅ ਕੇ ਸੁਪਨੇ ਕਈ ਹਜ਼ਾਰ
ਬਣ ਕੇ ਅੱਖੀਆਂ ਦੇ ਤਾਰੇ
ਹਰਦਿਲ ਅਜ਼ੀਜ਼, ਪਿਆਰੇ
ਕਰਿਓ ਸੁਪਨੇ ਤੁਸੀਂ ਸਾਕਾਰ
'ਏਕ ਜੋਤਿ ਦੁਇ ਮੂਰਤੀ' ਬਣਿਓ
ਰਿਸ਼ਤੇ-ਨਾਤੇ ਸਾਵੇਂ ਰੱਖਿਓ
ਕਰਿਓ ਬੀਆਬਾਨ ਗੁਲਜ਼ਾਰ
ਮੁਸ਼ਕਿਲਾਂ ਦੇ ਖੌਲਦੇ ਸਮੁੰਦਰੋਂ ਨਾ ਡਰਿਓ
ਪਾਰਸ-ਪੱਥਰਾਂ ਦੇ ਸੰਗ ਖਹਿ
ਖਰਾ ਸੋਨਾ ਬਣਿਓ
ਨਹੀਂ ਦੁੱਖ-ਦੋਸ਼ ਕਿਸੇ ਉੱਤੇ ਮੜ੍ਹਨਾ
ਹਾਰ-ਜਿੱਤ ਸਦਾ ਹੱਸ ਜਰਨਾ
ਚੰਨ, ਤਾਰਿਆਂ ਦੇ ਵਾਂਗ ਤੁਸੀਂ ਦਾ ਟਹਿਕਿਓ
ਸੂਹੇ, ਸੱਜਰੇ ਗੁਲਾਬਾਂ ਵਾਂਗ ਤੁਸੀਂ ਮਹਿਕਿਓ

ਹਰਗੁਣ ਵੱਡੀ ਭੈਣ ਤੁਹਾਡੀ
ਘਰ-ਸ਼ਿੰਗਾਰ, ਰੌਣਕ ਏ ਸਾਡੀ
ਇਹ ਘਰ ਵਿਚ ਆਈ
ਜਿਉਂ 'ਸਰਸਵਤੀ' ਦੀ ਫੇਰੀ
ਪੜ੍ਹਨਾ-ਲਿਖਣਾ ਭੈਣ ਤੋਂ ਸਿੱਖਿਓ
ਲਾਇਓ ਰਤਾ ਨਾ ਦੇਰੀ
ਫਿਰ ਹੱਥੀਂ ਲਾਇਓ ਮਹਿੰਦੀ
ਕਰਿਓ ਹੱਥੀਂ ਵਿਦਾ ਤੁਸੀਂ

ਸਾਡੇ ਵਤਨ ਦਾ ਖ਼ੂਨ ਚੂਸ ਲਿਆ
ਰਾਜੇ/ਹਾਕਮ/ਜੋਕਾਂ
ਲੁੱਟਿਆ/ਕੁੱਟਿਆ, ਰੱਜ ਕੇ ਖਾਧਾ
ਸਮਾਜ ਵਿਰੋਧੀ ਲੋਕਾਂ


ਤੁਸੀਂ ਦੱਬੇ-ਕੁਚਲੇ ਲੋਕਾਂ ਦੀ ਆਵਾਜ਼ ਬਣੋ
ਹੱਕ-ਸੱਚ ਲਈ ਜੂਝੋ, ਕਲਮ-ਕਿਤਾਬ ਬਣੋ
'ਮਕਸੂਦਪੁਰੀ' ਅੰਸ਼-ਵੰਸ਼ ਸਲਾਮਤ ਰੱਖਿਓ
ਨਵੀਂ ਮੰਜ਼ਿਲ, ਨਵੇਂ ਮੁਕਾਮ 'ਤੇ ਲੈ ਚੜ੍ਹੋ।

**-234, ਸੁਦਰਸ਼ਨ ਪਾਰਕ,**
**ਮਕਸੂਦਾਂ, ਜਲੰਧਰ-144021,**
**ਮੋ. 99887-10234**

*****

## ਕਵਿਤਾ/ ਵਾਤਾਵਰਣ

**ਰਤਨ ਟਾਹਲਵੀ**



ਕਾਦਰ ਇੱਕ ਇਮਾਨਦਾਰ ਦਾਨੀ
ਜੋ
ਦਾਨ ਵਿਚ ਹਰ ਚੀਜ਼
ਸ਼ੁੱਧ ਦੇਈ ਜਾ ਰਿਹਾ ਏ।
ਪੌਣ-ਪਾਣੀ
ਜੋ ਮੁਫ਼ਤ 'ਚ ਦਿੱਤਾ
ਅਸੀਂ ਖੋਟ ਦੇ ਪੂਜਕ
ਹਰ ਚੀਜ਼ ਵਿਚ ਖੋਟ ਰਲਾ
ਮੁਫ਼ਤ ਨੂੰ ਮੁੱਲ ਵਿਚ ਬਦਲ ਦਿੱਤਾ।
ਦਾਨੀ ਦੇ ਦਾਨ ਵਿਚ
ਸਾਹ ਲੈਂਦੀ ਨਿਰਤ ਕਰਦੀ,
ਸੰਗੀਤ ਪੈਦਾ ਕਰਦੀ
ਹਰੀ ਕਚੂਰ ਕੁਦਰਤ ਦਿੱਤੀ

ਪਰ
ਅਸੀਂ ਨਿਰਤ ਕਰਦੀ, ਝੂਮਦੀ ਨੂੰ, ਰਾਗ ਅਲਾਪਦੀ ਨੂੰ
ਮਿੰਟਾਂ ਵਿਚ ਜੜ੍ਹੋਂ ਉਖਾੜ
ਤੇ
ਮਿੰਟਾਂ ਵਿਚ ਪੱਥਰਾਂ ਨੂੰ ਬੀਜ
ਲੋਹੇ ਦੀ ਖਾਦ ਪਾ
ਇੱਕ ਜ਼ਿੰਦਗੀ ਜੁਆਨ ਕਰ ਲਈ
ਜੋ ਦਮੇ ਦੀ ਮਾਰੀ,
ਦੰਮਾਂ ਦੀ ਮਾਰੀ, ਜੀ ਰਹੀ ਏ
ਬੁਢਾਪੇ ਦੇ ਆਲਮ ਵਿਚ।
ਆਖਰ ਕਦੋਂ ਤੱਕ
ਕੁਦਰਤ ਦੇ ਸਮੇਂ ਲਤਾੜਦੀ
ਇਹ ਬੁਢਾਪੇ ਦੇ ਆਲਮ ਵਿਚ
ਜੀਂਦੀ ਰਹਿ ਸਕੇਗੀ।

* * * * *

## ਦੋਜ਼ਖ਼

ਕੌਣ ਨੇ ਉਹ?
ਜੋ ਜੰਨਤ ਨੂੰ ਦੋਜ਼ਖ਼ ਬਣਾ ਰਹੇ ਨੇ,
ਮਸੂਮਾਂ ਦਾ ਨਿੱਤ ਖ਼ੂਨ ਬਹਾ ਕੇ,
ਗੀਤ ਖ਼ੁਸ਼ੀ ਦੇ ਗਾ ਰਹੇ ਨੇ।

ਕੌਣ ਨੇ ਉਹ?
ਜੋ ਮਾਤਮ ਹਰ ਤਰਫ ਫੈਲਾ ਰਹੇ ਨੇ,
ਮਿਹਨਤਕਸ ਲੋਕਾਂ ਦੇ ਵੀ,
ਚੁੱਲ੍ਹੇ 'ਚ ਪਾਣੀ ਪਾ ਰਹੇ ਨੇ।

ਕੌਣ ਨੇ ਉਹ?
ਜੋ ਫਿਰਕਾਪ੍ਰਸਤੀ ਦਾ ਪਾਠ ਪੜ੍ਹਾ ਰਹੇ ਨੇ,
ਸ਼ਾਂਤੀ ਸ਼ਾਂਤਵਾਦੀਆਂ ਦੀ ਨੂੰ,
ਗੋਲੀ ਬੰਬਾਂ ਨਾਲ ਅਸ਼ਾਂਤ ਬਣਾ ਰਹੇ ਨੇ।

ਕੌਣ ਨੇ ਉਹ?
ਜੋ ਚਾਵਾਂ ਸਧਰਾਂ ਦਾ ਗਲਾ ਦਬਾ ਰਹੇ ਨੇ,
ਚੂੜੇ ਵਾਲੀਆਂ ਬਾਹਾਂ ਤੋਂ,
ਲੋਥਾਂ ਤੇ ਵੈਨ ਪਵਾ ਰਹੇ ਨੇ।

ਕੌਣ ਨੇ ਉਹ?
ਜੋ ਕੋਮਲ ਹੱਥਾਂ 'ਚ ਬਰੂਦ ਥਮਾ ਰਹੇ ਨੇ,
ਕਰਕੇ ਘਾਣ ਜਵਾਨੀ ਦਾ,
ਖੁਦ ਦੀ ਰੋਟੀ ਕਮਾ ਰਹੇ ਨੇ।

ਕੌਣ ਨੇ ਉਹ?
ਜੋ ਨਿਰਦੋਸ਼ਾਂ ਦਾ ਖ਼ੂਨ ਬਹਾ ਰਹੇ ਨੇ,
ਕਲੀਆਂ ਨੂੰ ਫੁੱਲ ਬਣਨ ਤੋਂ ਪਹਿਲਾਂ,
ਕੰਡਿਆਂ ਦੀ ਭੇਟ ਚੜ੍ਹਾ ਰਹੇ ਨੇ।

ਕੌਣ ਨੇ ਉਹ?
ਜੋ ਏਕ ਨੂਰ ਤੇ ਸਭ ਜਗ ਉਪਜਿਆ ਮਨੋਂ ਭੁਲਾ ਰਹੇ ਨੇ,
ਤੂੰ ਹਿੰਦੂ ਉਹ ਸਿੱਖ ਤੇ ਮੁਸਲਿਮ ਕਹਿ ਕੇ,
ਨਫ਼ਰਤ ਦੀ ਫਸਲ ਉਗਾ ਰਹੇ ਨੇ।

ਕੌਣ ਨੇ ਉਹ?
ਜੋ ਧਰਮ ਪੁੱਛ ਕੇ ਗਰਦਨ ਲਾਹ ਰਹੇ ਨੇ,
ਖੁਸ਼ ਨੇ ਰੱਬ ਨੂੰ ਕਰਨ ਲਈ,
ਮਾਸੂਮਾਂ ਦੀ ਬਲੀ ਚੜ੍ਹਾ ਰਹੇ ਨੇ।

ਕੌਣ ਨੇ ਉਹ?
ਜੋ ਸਵਰਗੀ ਹੂਰਾਂ ਦੇ ਸੁਪਨੇ ਦਿਖਾ ਰਹੇ ਨੇ,
ਅੱਲਾ ਪਾਕ-ਮ-ਪਾਕ ਨੂੰ ਭੁੱਲ ਕੇ,
'ਸੁਖਵਿੰਦਰ' ਸ਼ੈਤਾਨ ਦਾ ਨਾਮ ਜਪਾ ਰਹੇ ਨੇ।



**ਸੁਖਵਿੰਦਰ ਸਿੰਘ 'ਜਲਾਲਪੁਰੀ'**
**ਇੰਸਪੈਕਟਰ ਸੀ.ਬੀ.ਆਈ.,**
**ਪਿੰਡ ਜਲਾਲਪੁਰ, ਹੁਸ਼ਿਆਰਪੁਰ**
**+919906381482**

● ● ●

**ਘੜੀਆਂ ਠੀਕ ਕਰਨ ਵਾਲੇ ਤਾਂ ਬਹੁਤ ਹਨ, ਪਰ ਸਮਾਂ ਤੇ ਹਾਲਾਤ ਤਾਂ ਵਾਹਿਗੁਰੂ ਨੇ ਹੀ ਠੀਕ ਕਰਨੇ ਹਨ।**

# LABOUR DAY

**Introduction -** Labour Day is a special day dedicated to the labour class to recognize their hard work and efforts. It is celebrated across the globe in various countries. In most of the countries it is celebrated on the 1st of May that happens to be the International Workers' Day. The history and origin of Labour Day differs in different countries.

**Labour Day – The Origin of the Idea -** With the growth of industrialization in Canada towards the end of the 19th century, the labour class became loaded with work. Their number of working hours and the amount of work increased drastically while their wages continued to be meagre. They were exploited to the core and this exploitation caused a lot of distress among them. Many of them fell ill due to the constant work load and many even lost their life owing to this reason. In order to raise their voice against this injustice, labourers from different parts of the country joined hands. They carried out various movements against the tyranny of the capitalist class.

**Labour Day in Canada -** In Canada, the Labour Day is celebrated on the first Monday of September. The labour class in the country was given its rightful rights after a lot of struggle. A number of movements were carried out in this direction by the labour unions.

It was the Toronto Printers Union that demanded lesser working hours in early 1870s. In March 1872, they went on strike to get their demands fulfilled. They also conducted demonstrations for the rights of the workers. The printing industry in the country suffered immense loss due to this strike. Trade unions were formed in other industries too and soon they all came together to raise their voice against the industrialists.

Around 24 leaders were arrested for instigating people to go on strike. Going on strike was an offence at that time. The law did not even allow the formation of trade unions. However, the protests continued and they were soon released. Few months later, similar parade was organised in Ottawa. This forced the government to revise the law against the trade unions. Canadian Labour Congress was eventually formed.

**Labour Day in United States -** During the late 19th century, the trade unions in the United States suggested a special day to mark the contribution of the labour class towards the society.

The growing exploitation of the labour class in the United States led to the Central Labour Union and Knights of Labours joining hands. Together, they led the first parade that marked a significant movement against the industrialists who were exploiting the labourers by paying them meagre wages and forcing them to work for long hours. The first parade was held in New York City. Workers from various organizations participated in it to stand for the cause. Their demands were eventually heard.

In the year 1887, Labour Day was observed as a public holiday for the first time in Oregon. By 1894 as many as 30 states in United States began celebrating Labour Day. The day is celebrated to honour the American Labour Movement.

Alternatively, it is said that it was Peter J. McGuire from the American Federation of Labour who first suggested that a special day must be dedicated to the labourers. He came up with the proposal in May 1882 after having seen the annual labour festival in Toronto, Ontario, Canada.

Just as in Canada, Labour Day in the United States is also celebrated on the 1st Monday of September each year.

**Conclusion -** Labour Day is a time to relax and rejuvenate. It is also the time to honour those who fought for the rights of the labourers and brought about reforms. It is only because of the few people who came forward and encouraged others to do so too that the labourers were given their lawful rights.

**Er. Parminderjit Singh**

# OBITUARY



Mrs. Amar Kaur aged 87 years w/o S. Jagjit Singh Multani and Mother-in-law of Ex. Fin. Secretary H.S. Ghotra who passed away on 12/4/25 at her residence 23 Azad Nagar Ambala Cantt was the member of BMSL foundation Chandigarh. She had also induced more members from her family in this prestigious foundation to serve the humanity donating there time to time. Remembering her, a few members from Labana Foundation Chandigarh also attended her BHOG Ceremony at Ambala Cantt on 22/04/2025 to pay tributes and the deep condolence to deprived family members. At this sad event, her husband S. Jagjit Singh who is also the member of BMSL Foundation, donated Rs. 11000/-(Eleven thousand only) in her memory.

● ● ●

## ਅਪੀਲ

ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।

-ਧੰਨਵਾਦ

● ● ●

**ਮਿੱਠਾ ਬੋਲੋ, ਨਿਵ ਚਲੋ, ਹਥੋਂ ਦੇ ਕੇ ਭਲਾ ਮਨਾਵੋ ।।**



# MATRIMONIAL



**SEEKINGMATCH FOR 29.11.1996 BORN, 5'8", LUBANA-MULTANI, NON-VEGETARIAN BOY FROM MOHALI,EDUCATION – BUSINESS MGMT. DIPLOMA FROM NEW ZEALAND, OCCUAPTION-MANAGER AT A STORE (PR CANADA), FAMILY - FATHER BUSINESS MAN, MOTHER HOUSEWIFE, SIBLING ONE YOUNGER BROTHER (PR OF CANADA) & ONE YOUNGER SISTER (STUDYING IN CANADA), EDUCATED GIRL WILL BE PREFERRED. CONTACT: 9417407124**

* * * * *

**SIMPLE FAMILY GIRL REQUIRED FOR 5'5" KARTARPUR, JALANDHAR BOY, QUALIFICATIONS GRADUATE AND PURSUING M.A, PRESENTLY GRANTHI SINGH IN CHANDIGARH-SGPC AMRITSAR, PRESENTLY TEMPORAILY LIVING IN CHANDIGARH FAMILY- FATHER TEACHER, MOTHER CLERK IN SGPC DARBAR SAHIB AMRITSAR, FOR MORE DETAILS CONTACT - 9779888166**

* * * * *

**LOOKING FOR PROFESSIONALLY QUALIFIED, PREFERABLY AMRITDHARI GIRL FOR GURSIKH- AMRITDHARI LUBANA BOY, DOB-23.08.1993(29 YRS) HEIGHT –6'6", QULIFICATIONS – B. TECH (COMPUTER SCIENCE) GRADUATE DIPLOMA IN APPLIED MANAGEMENT WELL EDUCATED, PROFESSION – WORKING AS DATA REPORTINGANALYST WITH AUCKLAND DISTRICT HEALTHBOARD, AUCKLAND-NEW ZEALAND, ANNUAL PACKAGE -NZ$1..03 LACS (RS.50 LACS). FAMILY – FATHER BANK MANAGER, MOTHER HOMEMAKER AND YOUNGER BROTHER UNMARRIED – WORKING ABROAD IN MNC, OWN HOUSE IN DELHI. CASTE NO BAR. CONTACT - 98710-96789**

* * * * *

**SEEKING MATCH FOR LOBANA SIKH GIRL 28.12.1996, 5'4", MBBS FROM GOVT. COLLEGE, PATIALA & MS GENERAL SURGARY PG FROM ADESH COLLEGE, BATHINDA. FATHER MSC AND MOTHER GOVT. TEACHER, ZIRAKPUR. BOY WILL BE PREFERRED FROM THE SAME FIELD. CONTACT – 7986902157,9779977035**

* * * * *

**LUBANA SIKH BOY DEC'92, 5.11FT. BE MBA, SR. MANAGER MNC DELHI, REQUIRED QUALIFIED. WORKING GIRL CAST NO BAR. 9417145424, 8360907886**

* * * * *

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ। ਅਦਾਰਾ ਲੁਬਾਣਾ ਸੇਵਕ

# ਅਪ੍ਰੈਲ ਮਹੀਨੇ ਦਾਨੀ ਸੱਜਨਾਂ ਵੱਲੋਂ ਦਿੱਤੇ ਦਾਨ ਦੀ ਸੂਚੀ

| ਲੜੀ ਨੰ: | ਨਾਮ ਤੇ ਪਤਾ | ਰਸੀਦ ਨੰ. | ਰਾਸ਼ੀ ਰੁਪਏ | ਮਿਤੀ |
|---|---|---|---|---|
| 1. | ਇੰਜ. ਅਮਰਜੀਤ ਸਿੰਘ ਮੁਲਤਾਨੀ<br>ਸਪੁੱਤਰ ਲੇਟ ਸ. ਗਿਆਨ ਸਿੰਘ ਮੁਲਤਾਨੀ (ਚੈਕ ਰਾਹੀ ਪ੍ਰਾਪਤ ਕੀਤੇ।)<br>ਮ. ਨੰ. 42, ਸੈਕਟਰ 16ਏ, ਚੰਡੀਗੜ੍ਹ। | 536 | 30,000/- | 14.04.2025 |
| 2. | ਸ਼੍ਰੀਮਤੀ ਲਖਬੀਰ ਕੌਰ<br>ਸੁਪਤਨੀ ਸ. ਜਗਮੀਤ ਸਿੰਘ (ਆਨਲਾਇਨ ਪ੍ਰਾਪਤ ਕੀਤੇ।)<br>ਮ. ਨੰ. 156, ਸਮੁੰਦਰੀ ਨਿਵਾਸ, ਤਹਿਸੀਲ ਕਲੌਨੀ, ਮੁਕੇਰੀਆਂ, ਪੰਜਾਬ। | 540 | 11,000/- | 21.04.2025 |
| 3. | ਸ. ਜਗਜੀਤ ਸਿੰਘ ਮੁਲਤਾਨੀ<br>ਮ. ਨੰ. 23, ਅਜ਼ਾਦ ਨਗਰ, ਅੰਬਾਲਾ ਕੈਂਟ।<br>(ਆਪਣੀ ਪਤਨੀ ਸ਼੍ਰੀਮਤੀ ਅਮਰ ਕੌਰ ਦੀ ਅੰਤਿਮ ਅਰਦਾਸ ਤੇ ਭਵਨ ਨੂੰ ਦਾਨ ਕੀਤੇ।) | 541 | 11,000/- | 23.04.2025 |
| 4. | ਸ. ਅਮਰਜੀਤ ਸਿੰਘ<br>ਸਪੁੱਤਰ ਸ. ਮੇਹਰ ਸਿੰਘ, ਸੈਕਟਰ-29, ਚੰਡੀਗੜ੍ਹ। | 520 | 10,000/- | 10.04.2025 |
| 5. | ਗੋਲਕ, ਗੁਰੂ ਘਰ ਦਾਨ ਦੀ ਰਾਸ਼ੀ<br>ਬ.ਮ.ਸ.ਲ. ਫ਼ਾਉਂਡੇਸ਼ਨ (ਰਜਿ:), ਸੈਕਟਰ-30ਏ, ਚੰਡੀਗੜ੍ਹ। | 537 | 9,700/- | 16.04.2025 |
| 6. | ਇੰਜ ਭਗਵਾਨ ਸਿੰਘ ਲੁਬਾਣਾ, ਪ੍ਰਧਾਨ<br>ਮ. ਨੰ: 187, ਹਰਦਿਆਲ ਨਗਰ, ਗੜ੍ਹਾ ਰੋਡ, ਜਲੰਧਰ। | 542 | 5,000/- | 29.04.2025 |
| 7. | ਸ: ਪਰਮਜੀਤ ਸਿੰਘ ਪਾਲੀਆ (ਮਾਰਚ)<br>ਮ. ਨੰ: 4524, ਸੈਕਟਰ 68, ਦਰਸ਼ਨ ਵਿਹਾਰ, ਮੋਹਾਲੀ।<br>(ਆਪਣੇ ਸਵਰਗਵਾਸੀ ਮਾਤਾ-ਪਿਤਾ ਜੀ ਦੀ ਯਾਦ ਵਿਚ ਭਵਨ ਨੂੰ ਭੇਟ ਕੀਤੇ।) | 538 | 2100/- | 16.04.2025 |
| 8. | ਸ: ਪਰਮਜੀਤ ਸਿੰਘ ਪਾਲੀਆ (ਅਪ੍ਰੈਲ)<br>ਮ. ਨੰ: 4524, ਸੈਕਟਰ 68, ਦਰਸ਼ਨ ਵਿਹਾਰ, ਮੋਹਾਲੀ।<br>(ਆਪਣੇ ਸਵਰਗਵਾਸੀ ਮਾਤਾ-ਪਿਤਾ ਜੀ ਦੀ ਯਾਦ ਵਿਚ ਭਵਨ ਨੂੰ ਭੇਟ ਕੀਤੇ।) | 539 | 2100/- | 19.04.2025 |
| 9. | ਕਰਨਲ ਹਰਦਿੱਤ ਸਿੰਘ (ਰਿਟਾ.)<br>ਮ. ਨੰ: 105/21, ਰੋਇਲ ਅਸਟੇਟ, ਜ਼ੀਰਕਪੁਰ। | 534 | 1100/- | 13.04.2025 |
| 10. | ਸ. ਜਤਿੰਦਰਜੀਤ ਸਿੰਘ<br>ਮ. ਨੰ: 105/21, ਰੋਇਲ ਅਸਟੇਟ, ਜ਼ੀਰਕਪੁਰ। | 535 | 1100/- | 13.04.2025 |
| 11. | ਪੰਡਿਤ ਰਾਮ ਕੁਮਾਰ<br>ਬ.ਮ.ਸ.ਲ. ਫ਼ਾਉਂਡੇਸ਼ਨ. ਚੰਡੀਗੜ੍ਹ। | 521 | 500/- | 13.04.2025 |
| 12. | ਸ. ਜਸਬੀਰ ਸਿੰਘ<br>ਮ. ਨੰ. 1004, ਸੈਕਟਰ-68, ਮੋਹਾਲੀ। | 522 | 100/- | 13.04.2025 |

| | | | | |
|---|---|---|---|---|
| 13. | ਸੂਬੇਦਾਰ ਮੇਜਰ ਜਸਪਾਲ ਸਿੰਘ (ਰਿਟਾ.)<br>ਮੈਂਟੀਨੈਂਸ ਸਕੱਤਰ, 18, ਏ.ਕੇ.ਐਸ. ਕਲੋਨੀ, ਜ਼ੀਰਕਪੁਰ। | 523 | 200/- | 13.04.2025 |
| 14. | ਲੈਕਚਰਾਰ ਗੁਲਸ਼ਨ ਕੁਮਾਰ ਸਿੰਘ (ਰਿਟਾ.)<br>ਮ. ਨੰ. 3405, ਸੈਕਟਰ-40ਡੀ, ਚੰਡੀਗੜ੍ਹ। | 524 | 500/- | 13.04.2025 |
| 15. | ਸ. ਰਵਿੰਦਰ ਸਿੰਘ, ਗੁਰੂ ਘਰ ਮੁੱਖ ਸੇਵਾਦਾਰ<br>ਮ. ਨੰ. 2092, ਸੈਕਟਰ-45ਸੀ, ਚੰਡੀਗੜ੍ਹ। | 525 | 200/- | 13.04.2025 |
| 16. | ਸ. ਜਗੀਰ ਸਿੰਘ<br>ਮ. ਨੰ. 2258/2, ਸੈਕਟਰ-45ਸੀ, ਚੰਡੀਗੜ੍ਹ। | 526 | 200/- | 13.04.2025 |
| 17. | ਸ. ਅਮਰਜੀਤ ਸਿੰਘ ਮੁਲਤਾਨੀ<br>ਮ. ਨੰ. 42, ਸੈਕਟਰ-16ਏ, ਚੰਡੀਗੜ੍ਹ। | 527 | 500/- | 13.04.2025 |
| 18. | ਸ. ਇੰਦਰਜੀਤ ਸਿੰਘ<br>ਮ. ਨੰ. 415, ਸੈਕਟਰ-100, ਮੋਹਾਲੀ। | 528 | 500/- | 13.04.2025 |
| 19. | ਬੀਬੀ ਨਰਿੰਦਰ ਕੌਰ<br>ਮ. ਨੰ. 326/2, ਸੈਕਟਰ-38ਏ, ਚੰਡੀਗੜ੍ਹ ।(ਆਨਲਾਇਨ ਪ੍ਰਾਪਤ ਕੀਤੇ।) | 529 | 200/- | 13.04.2025 |
| 20. | ਸ. ਹਰਭਜਨ ਸਿੰਘ, ਡੀ.ਆਈ.ਜੀ. (ਰਿਟਾ.)<br>ਫਲੈਟ ਨੰ: 204, ਟਾਵਰ ਵਾਈ., ਸੈਕਟਰ-66ਏ, ਮੋਹਾਲੀ। | 530 | 500/- | 13.04.2025 |
| 21. | ਕਰਨਲ ਗੁਰਦੀਪ ਸਿੰਘ (ਰਿਟਾ.)<br>ਵੀ.ਪੀ. (ਹੈ.ਕੁ.), ਮ. ਨੰ: 62, ਸੈਕਟਰ-71, ਮੋਹਾਲੀ। | 531 | 500/- | 13.04.2025 |
| 22. | ਸ: ਨਿਰਮਲ ਸਿੰਘ, ਮੈਂਟੀਨੈਂਸ ਸਕੱਤਰ<br>ਮ. ਨੰ: 2354, ਫ਼ੇਸ-10, ਮੋਹਾਲੀ। | 532 | 200/- | 13.04.2025 |
| 23. | ਸ. ਪ੍ਰਤਾਪ ਸਿੰਘ<br>ਮ. ਨੰ: 5701, ਸੈਕਟਰ-38 ਵੈਸਟ, ਚੰਡੀਗੜ੍ਹ। | 533 | 100/- | 13.04.2025 |

## ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਉਂਡੇਸ਼ਨ (ਰਜਿ.) ਚੰਡੀਗੜ੍ਹ

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਉਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

# Lobana Bhawan

Baba Makhan Shah Lobana Foundation (Regd.),
Sector 30-A, Chandigarh

## *Facilities Available for All Types of Functions at reasonable rates*

| | |
|---|---|
| *Double Bed A.C Rooms* | *Dormitory A.C Rooms<br>Four Single Bed* |
| *Main Hall, A.C<br>Capacity 400 Persons* | *Mini Hall, A.C<br>Capacity 150-200 Persons* |
| *Main Auditorium, A.C<br>Capacity 450 Persons* | *Mini Auditorium, A.C<br>Capacity 150 Persons* |
| *Basement Hall<br>350-400 Persons* | *Conference Hall, A.C<br>Capacity 25 Persons* |

**24x7 Catering Service Available**

For Booking Contact :-
98768-11137, 73470-65188

## ਮਿਤੀ 13-04-2025 ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵਿਖੇ ਵੈਸਾਖ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ ਸ਼ਰਧਾਪੂਰਵਕ ਮਨਾਇਆ ਗਿਆ















ਸਿੱਖ ਕੌਮ ਦੇ ਮਹਾਨ ਕੀਰਤਨੀਏ ਭਾਈ ਹਰਜਿੰਦਰ ਸਿੰਘ ਜੀ ਸ੍ਰੀਨਗਰ ਵਾਲਿਆਂ ਨੂੰ ਭਾਰਤ ਸਰਕਾਰ ਵੱਲੋਂ ਦੇਸ਼ ਦੇ ਸਤਿਕਾਰਤ ਸਨਮਾਨ ਪਦਮ ਸ਼੍ਰੀ ਨਾਲ ਨਿਵਾਜਿਆ ਗਿਆ। ਦੇਸ਼ ਦੀ ਰਾਸ਼ਟਰਪਤੀ ਸ੍ਰੀਮਤੀ ਦ੍ਰੋਪਦੀ ਮੁਰਮੂ ਰਾਸ਼ਟਰਪਤੀ ਭਵਨ ਵਿਚ ਭਾਈ ਹਰਜਿੰਦਰ ਸਿੰਘ ਜੀ ਨੂੰ ਸਨਮਾਨ ਚਿੰਨ੍ਹ ਭੇਂਟ ਕਰਦੇ ਹੋਏ। ਭਾਈ ਹਰਜਿੰਦਰ ਸਿੰਘ ਜੀ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਬਲੜਵਾਲ ਤੋਂ ਲੁਬਾਣਾ ਭਾਈਚਾਰੇ ਨਾਲ ਸਬੰਧਿਤ ਹਨ। ਭਾਈ ਸਾਹਿਬ ਦੇ ਇਸ ਸਨਮਾਨ ਤੇ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਦੇ ਪ੍ਰਧਾਨ ਸ. ਭਗਵਾਨ ਸਿੰਘ ਲੁਬਾਣਾ ਅਤੇ ਸਮੁੱਚੀ ਪ੍ਰਬੰਧਕ ਕਮੇਟੀ ਵੱਲੋਂ ਬਹੁਤ-ਬਹੁਤ ਵਧਾਈਆਂ।

ਪੰਜਾਬ ਆਬਕਾਰੀ ਤੇ ਕਰ ਵਿਭਾਗ ਵਿਚੋਂ ਸੇਵਾਮੁਕਤ ਸਹਾਇਕ ਕਮਿਸ਼ਨਰ ਸ. ਸਤਪਾਲ ਸਿੰਘ ਮੁਲਤਾਨੀ ਦੇ ਬੇਟੇ ਕਾਕਾ ਗੁਰਕੰਵਲ ਸਿੰਘ ਨੇ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਵਲੋਂ ਲਈ ਗਈ ਸਿਵਲ ਸਰਵਿਸ ਪ੍ਰੀਖਿਆ ਵਿੱਚੋਂ ਬਹੁਤ ਚੰਗੀ ਪੁਜੀਸ਼ਨ ਲੈ ਕੇ ਪ੍ਰੀਖਿਆ ਪਾਸ ਕੀਤੀ ਹੈ। ਸ. ਸਤਪਾਲ ਸਿੰਘ ਮੁਲਤਾਨੀ ਪਿੰਡ ਰਾਏਪੁਰ ਪੀਰ ਬਖਸ਼ ਤੋਂ ਹਨ, ਅਤੇ ਅੱਜਕਲ੍ਹ ਅਰਬਨ ਅਸਟੇਟ ਜਲੰਧਰ ਵਿੱਚ ਰਹਿ ਰਹੇ ਹਨ। ਆਪ ਜੀ ਸਵ. ਸੂਬੇਦਾਰ ਗੁਰਚਰਨ ਸਿੰਘ ਸਪੁੱਤਰ ਸਵ. ਜਵਾਲਾ ਸਿੰਘ ਨੰਗਲੀਏ ਦੇ ਸਪੁੱਤਰ ਹਨ। ਬੇਟੇ ਗੁਰਕੰਵਲ ਸਿੰਘ ਦੀ ਇਸ ਵੱਡੀ ਪ੍ਰਾਪਤੀ ਤੇ ਸ. ਭਗਵਾਨ ਸਿੰਘ ਲੁਬਾਣਾ ਪ੍ਰਧਾਨ ਅਤੇ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀ ਸਮੁੱਚੀ ਪ੍ਰਬੰਧਕ ਕਮੇਟੀ ਵੱਲੋਂ ਮੁਲਤਾਨੀ ਸਾਹਿਬ ਅਤੇ ਮਾਤਾ ਪਰਮਜੀਤ ਕੌਰ ਜੀ ਨੂੰ ਬਹੁਤ-ਬਹੁਤ ਵਧਾਈਆਂ।



Postal No. - Jallandhar Vide No. L-4/PB/JL-0196/2024-2026

**ਮੈਰਿਟ-ਕਮ-ਮੀਨਜ਼ ਸਕਾਲਰਸ਼ਿਪ ਕਮੇਟੀ ਦੀ ਮੀਟਿੰਗ ਮਿਤੀ 19-04-2025 ਨੂੰ ਫਾਊਂਡੇਸ਼ਨ ਦੇ ਕਾਨਫਰੰਸ ਹਾਲ ਵਿਚ ਹੋਈ, ਜਿਸ ਵਿਚ ਆਏ ਬਿਨੈ-ਪੱਤਰਾਂ ਦੀ ਪੜਤਾਲ ਉਪਰੰਤ ਸਕਾਲਰਸ਼ਿਪ ਦੀ ਅਦਾਇਗੀ ਕੀਤੀ ਗਈ**





**ਅਸਟੇਟ ਆਫ਼ਿਸ ਚੰਡੀਗੜ੍ਹ ਵੱਲੋਂ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੂੰ ਜਾਰੀ ਕੀਤੇ ਗਏ ਨੋਟਿਸ ਦੀ ਪਾਲਣਾ ਕਰਦੇ ਹੋਏ ਗੱਡੀਆਂ ਲਈ ਪੱਕੀ ਪਾਰਕਿੰਗ ਦਾ ਮੁਕੰਮਲ ਕੰਮ ਕਰਵਾਇਆ ਗਿਆ ਹੈ। ਅਜਿਹਾ ਕਰਕੇ ਭਵਨ ਨੂੰ ਭਾਰੀ ਜ਼ੁਰਮਾਨੇ ਤੋਂ ਵੱਡੀ ਰਾਹਤ ਮਿਲੀ ਹੈ।**










ਲੁਬਾਣਾ ਭਵਨ ਵਿਖੇ ਭਾਈ ਮਨੀ ਸਿੰਘ ਬਲਾਕ ਦੀ ਦੂਸਰੀ ਅਤੇ ਤੀਸਰੀ ਮੰਜ਼ਿਲ ਦੇ ਕੋਰੀਡੋਰ ਵਿਚ ਟਾਇਲਾਂ ਲਗਵਾਈਆਂ ਗਈਆਂ ਅਤੇ ਸਾਰੇ ਕਮਰਿਆਂ ਦੀ ਪੂਰਨ ਤੌਰ 'ਤੇ ਮੁਰੰਮਤ, ਪੇਂਟ ਅਤੇ ਕਮਰਿਆਂ ਨੂੰ ਨਵੀਂ ਦਿੱਖ ਦੇਣ ਦਾ ਕੰਮ ਮੁਕੰਮਲ ਕੀਤਾ ਗਿਆ।



